## ਰੇਡੀਓ ਲਵੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

ਕੜੀ-51

ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ- ਚਰਚਾ **( Sustainable Development – Charcha )**

ਪੰਜਾਬੀ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

**(This episode is an interactive episode , in this episode we shall discuss the themes of the previous seven episodes . There is likely that we may have an interaction with experts, and try to focus on doubts of the audience and provide possible solutions and also try to answer the questions raised .)**

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਲੋੜ ਅਨੁਸਾਰ ਹੋਰ

<u>ਸੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

"ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ"

(ਸੰਗੀਤ…)

**ਐਲਾਨ**: ਇਹ ਆਲ ਇੰਡੀਆ ਰੇਡਿਓ ਹੈ।ਸਾਡੇ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗ**" ਦੀਆਂ 50 ਕੜੀਆਂ ਰਾਹੀਂ ਹੁਣ ਤੱਕ ਤੁਸੀਂ ਸੁਣ ਚੁੱਕੇ ਹੋ ਵਾਰਤਾ ਸਾਡੇ ਅਜੋਕੇ ਵਿਕਾਸ ਦੇ ਮਾਡਲ ਦੀ ਦਿਸ਼ਾ ਦੀ! ਪਤਾ ਚੱਲਿਆ ਸਾਨੂੰ ਕਿ ਵਿਕਾਸ ਦੇ 'ਵਰਤੋ ਤੇ ਸੁੱਟੋ' ਮਾਡਲ ਦੇ ਨੁਕਸਾਨ ਪਹੁੰਚ ਜਾਂਦੇ ਨੇ ਕਿਸ ਹੱਦ ਤੱਕ ? ਕਿੰਨਾ ਹੈ ਵਿਸ਼ਾਲ ਕਲਾਵਾ ਇਨ੍ਹਾਂ ਦਾ ? ਕਿਵੇਂ ਹੁੰਦਾ ਹੈ ਘਾਣ ਕੁਦਰਤ ਦਾ ਮੌਜੂਦਾ ਵਿਕਾਸ ਦੀ ਕੁਦਰਤ ਵਿਰੋਧੀ ਦਿਸ਼ਾ ਕਾਰਨ ? ਕਿਵੇਂ ਸੰਭਵ ਨਹੀਂ ਹੈ ਬਚਣਾ ਇਸ ਧਰਤ ਗ੍ਰਹਿ ਦਾ ਜੇਕਰ ਨਾ ਦਿੱਤਾ ਮੋੜਾ ਕੁਦਰਤ ਦੇ ਇਸ ਦੋਹਨ ਨੂੰ? ਹੋ ਰਿਹਾ ਹੈ ਜਿਹੜਾ ਬੇਲੋੜੇ ਖਪਤਵਾਦ ਕਾਰਨ ! ਸੁਣੀਆਂ ਨੇ ਕਹਾਣੀਆਂ ਤੁਸੀਂ ਵਧਦੇ ਸ਼ਹਿਰੀਕਰਨ ਕਰਕੇ ਪਸਰ ਰਹੇ ਸ਼ਹਿਰਾਂ ਦੇ ਸ੍ਰੋਤਾਂ 'ਤੇ ਦਬਾਅ ਦੀਆਂ, ਆਲਮੀ ਤਪਸ਼ ਘਟਾਉਣ ਵਾਸਤੇ ਹਰਿਤ ਭਵਨਾਂ ਦੀ ਲੋੜ ਦੀਆਂ, ਊਰਜਾ ਕੁਸ਼ਲ ਇਮਾਰਤਾਂ ਦੀਆਂ, ਮਹਾਂ ਨਗਰਾਂ ਵਿੱਚ ਆਵਾਜਾਈ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਸਮਾਧਾਨ ਦੀਆਂ, ਨਗਰਾਂ ਦੇ ਕੂੜੇ ਦੇ ਢੇਰਾਂ ਦੀਆਂ, ਕੂੜਾ ਘਟਾਉਣ ਤੇ ਕੂੜੇ ਦੇ ਸੁਰੱਖਿਅਤ ਨਿਪਟਾਰੇ ਦੀਆਂ, ਆਫਤ ਰੋਧਕ ਭਵਨ ਨਿਰਮਾਨ ਤੇ ਲਚਕਦਾਰ ਸਰੰਚਨਾਵਾਂ ਦੀ ਲੋੜ ਦੀਆਂ ।ਅੱਜ ਅਸੀਂ ਆਪਣੇ ਸ੍ਰੋਤਿਆਂ ਦੇ ਰੂਬਰੂ ਹੋ ਰਹੇ ਹਾਂ "**ਟਿਕਾਊ ਵਿਕਾਸ**" ਦੇ ਵੱਖ ਵੱਖ ਪਹਿਲੂਆਂ ਦੇ ਸੰਖੇਪ ਸਾਰ ਨੂੰ ਲੈ ਕੇ ਜਿਨ੍ਹਾਂ ਬਾਬਤ ਅਸੀਂ ਪਿਛਲੀਆਂ ਸੱਤ ਕੜੀਆਂ ਵਿੱਚ ਪੇਸ਼ ਕਰ ਚੁੱਕੇ ਹਾਂ ਵਿਸਤ੍ਰਿਤ ਜਾਣਕਾਰੀ ! ਕਰਾਂਗੇ ਇੱਕ ਵਾਰ ਸਮੁੱਚਾ ਵਿਚਾਰ ਵਟਾਂਦਰਾ ।ਸੰਭਵ ਹੈ ਕਿ ਮਾਹਰ ਵੀ ਤੁਹਾਡੇ ਵੱਲੋਂ ਉਠਾਏ ਪ੍ਰਸ਼ਨਾਂ ਦਾ ਉੱਤਰ ਦੇਣ ਤੇ ਤੁਹਾਡੇ ਸ਼ੰਕਿਆਂ ਦੀ ਨਵਿਰਤੀ ਕਰਨ

।ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜ਼ਿੰਦਗੀ**" ਦੀ 51ਵੀਂ ਕੜੀ ।

**(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਆਪ ਸਭ ਦਾ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜ਼ਿੰਦਗੀ**" ਦੀ ਇਕੰਜਵੀਂ ਕੜੀ ਵਿੱਚ ਨਿਘਾ ਸੁਆਗਤ ਹੈ । "**ਟਿਕਾਊ ਵਿਕਾਸ**" ਸੁਣਦੇ ਹੀ ਸਾਡੇ ਸਾਹਮਣੇ ਆ ਜਾਂਦੀ ਹੈ ਤਸਵੀਰ ਬਦਲਦੀ ਤਰਜੇ ਜ਼ਿੰਦਗੀ ਦੀ, ਖਪਤ ਸਭਿਆਚਾਰ ਦੀ, 'ਵਰਤ ਕੇ ਸੁੱਟ ਦੇਣ ਵਾਲੇ ਕੁਦਰਤ ਵਿਰੋਧੀ ਹਥਿਆਰ ਦੀ! ਸਾਡੇ ਪੰਜਾਬ ਵਿੱਚ ਲੁਧਿਆਣੇ ਵਰਗੇ ਮਹਾਂਨਗਰਾਂ ਦੇ ਕੂੜੇ ਦੇ ਨਿਪਟਾਰੇ ਦੀ ਸਮੱਸਿਆ ਦੀ, ਵਧਦੇ ਸ਼ਹਿਰੀਕਰਨ ਕਰਕੇ ਸ਼ਹਿਰੀ ਬਸਤੀਆਂ ਤੇ ਆਵਾਸ ਦੀ, ਕਨਕਰੀਟ ਦੀ ਵਰਤੋਂ ਵੱਧਣ ਕਰਕੇ ਹੋ ਰਹੇ ਪਰਿਆਵਾਰਣ ਦੇ ਘਾਣ ਨੂੰ ਰੋਕਣ ਵਾਸਤੇ ਹਰਿਤ ਇਮਾਰਤਾਂ ਦੀ, ਨਿੱਤ ਦਿਨ ਆਉਂਦੇ ਹੜ੍ਹਾਂ ਦੇ ਸਨਮੁੱਖ ਤੇ ਇਸ ਖੇਤਰ ਵਿੱਚ ਭੂਚਾਲ ਦੀਆਂ ਪ੍ਰਬਲ ਸੰਭਾਵਨਾਵਾਂ ਦੇ ਸਨਮੁੱਖ ਆਫਤ ਰੋਧੀ ਭਵਨਾਂ ਦੀ ! ਲੱਗ ਰਹੇ ਨੇ ਜਾਮ ਤੇ ਕੂੜੇ ਦੇ ਅੰਬਾਰ !

**ਮਰਦ ਸੂਤਰਧਾਰ:** ਪੰਜਾਬ ਦੇ ਵੱਧਦੇ ਸ਼ਹਿਰੀਕਰਨ ਨੇ ਪੈਦਾ ਕਰ ਦਿੱਤੀ ਹੈ ਸਮੱਸਿਆ ਆਵਾਸ ਦੀ !

**ਔਰਤ ਸੂਤਰਧਾਰ:** ਸ਼ਹਿਰ ਜਾਣ ਦੀ ਦੌੜ ਵਿੱਚ ਪਹੁੰਚ ਗਈ ਸ਼ਹਿਰੀ ਆਬਾਦੀ ਪੰਜ ਦੁਵੰਜੀ ਦੇ ਲਾਗੇ ਯਾਨੀ 37.48% ਤੱਕ !

**ਮਰਦ ਸੂਤਰਧਾਰ:** ਖਤਮ ਹੋ ਗਏ ਸਾਡੇ ਬੌਧਿਕ ਤੇ ਆਰਥਕ ਸ੍ਰੋਤ ਪਿੰਡਾਂ ਦੇ ਵਿੱਚੋਂ ਵਧਦੇ ਪ੍ਰਵਾਸ ਕਾਰਨ !

**ਔਰਤ ਸੂਤਰਧਾਰ:** ਪੀਣ ਦਾ ਪਾਣੀ ਜਾ ਰਿਹਾ ਹੈ ਮੁੱਕਦਾ, ਉਸਰ ਰਹੀਆਂ ਨੇ ਅਘੜੀਆਂ -ਦੁਘੜੀਆਂ ਬਸਤੀਆਂ ਸ਼ਹਿਰਾਂ ਦੇ ਦੁਆਲੇ !

**ਮਰਦ ਸੂਤਰਧਾਰ:**ਹਾਂ ਪ੍ਰਭਾਣੀ ! ਹੁਣ ਤਾਂ ਊਰਜਾ ਵੀ ਬਣ ਰਹੀ ਹੈ ਸਮੱਸਿਆ ਇਨ੍ਹਾਂ ਸ਼ਹਿਰੀ ਪਸਾਰਿਆਂ ਵਿੱਚ !

**ਔਰਤ ਸੂਤਰਧਾਰ:** ਪੈ ਰਿਹਾ ਹੈ ਬੋਝ ਸਿਹਤ ਤੇ ਸਿਖਿਆ ਸੰਸਥਾਵਾਂ 'ਤੇ ! ਅਸਮਰੱਥ ਹੋ ਰਹੀਆਂ ਨੇ ਉਹ ਲੋੜਾਂ ਦੀ ਪੂਰਤੀ ਕਰਨ ਤੋਂ !

**ਮਰਦ ਸੂਤਰਧਾਰ:** ਨਵੀਆਂ ਨਵੀਆਂ ਗੈਰ ਕਾਨੂੰਨੀ ਕਲੋਨੀਆਂ ਵਿੱਚ ਸਮੱਸਿਆ ਹੈ ਪਾਣੀ ਦੇ ਨਿਕਾਸ ਦੀ ਤੇ ਬਣ ਰਹੀ ਹੈ ਮੰਗ ਉਨ੍ਹਾਂ ਨੂੰ ਨਿਯਮਤ ਕਰਨ ਦੀ ਵੀ !

**ਔਰਤ ਸੂਤਰਧਾਰ:** ਇਸ ਵਧਦੀ ਸ਼ਹਿਰੀ ਆਬਾਦੀ ਕਾਰਨ ਖਤਮ ਹੋ ਰਹੀ ਹੈ ਖੇਤੀ ਯੋਗ ਭੂਮੀ ਵੀ ਤੇ ਘਟ ਰਿਹਾ ਹੈ ਰੁਜਗਾਰ ਦਿਹਾਤੀ ਇਲਾਕਿਆਂ ਦੇ ਵਿੱਚ !

**ਮਰਦ ਸੂਤਰਧਾਰ:** ਹਾਂ ! ਨਗਰਾਂ ਵਿੱਚ ਬਣ ਰਹੀਆਂ ਬਹੁ-ਮੰਜ਼ਿਲਾ ਇਮਾਰਤਾਂ ਤੇ ਉਸਰਦੇ ਵੱਡੇ ਵੱਡੇ ਪੁਲਾਂ ਵਾਸਤੇ ਲੋੜ ਪੈ ਰਹੀ ਹੈ ਬਹੁਤ ਸਾਰੇ ਸੀਮੇਂਟ ਰੇਤ ਤੇ ਲੋਹੇ ਦੀ ! ਘੱਟ ਰਹੇ ਨੇ ਕੁਦਰਤੀ ਸ੍ਰੋਤ ਤੇ ਰੇਤੇ ਬਜਰੀ ਦਾ ਹੋ ਰਿਹਾ ਹੈ ਗੈਰ ਕਾਨੂੰਨੀ ਖਣਨ !

**ਔਰਤ ਸੂਤਰਧਾਰ:** ਆਹੋ ਜੀ ਸ਼ਹਿਰ ਵਧ ਹੀ ਬਹੁਤ ਤੇਜੀ ਨਾਲ ਰਹੇ ਨੇ ! ਓਹ ਲੁਧਿਆਣਾ ਹੀ ਹੋ ਗਿਆ ਕਰੀਬ ਤਿੰਨ ਗੁਣਾ , 1981 ਦੇ ਛੇ ਲੱਖ ਤੋਂ ਹੁਣ 17 ਲੱਖ ਤੇ ਪਹੁੰਚ ਗਿਆ !

**ਮਰਦ ਸੂਤਰਧਾਰ:** ਪਰ ਪ੍ਰਭਾਣੀ ਜਦ ਪਿੰਡਾਂ ਵਿੱਚ ਸ਼ਹਿਰਾਂ ਵਰਗੀਆਂ ਸਹੂਲਤਾਂ ਦੇ ਕੇ ਪਰਿਆਵਰਣ ਬਚਾਉਣ ਦਾ ਮੰਤਰ ਤਾਂ ਅਸੀਂ ਲਾਗੂ ਨਹੀਂ ਕੀਤਾ ਤਾਂ ਫਿਰ ਇਹ ਅਵਸਥਾ ਤਾਂ ਬਣਨੀ ਹੀ ਸੀ !

**ਔਰਤ ਸੂਤਰਧਾਰ:** ਹਾਂ ! ਇਸੇ ਕਾਰਨ ਵਧਦੇ ਸ਼ਹਿਰੀਕਰਨ ਦੀਆਂ ਸਮੱਸਿਆਵਾਂ ਨੇ ਕਰ ਦਿੱਤਾ ਹੈ ਜੁਰਮਾਂ ਵਿੱਚ ਵੀ ਵਾਧਾ !

**ਮਰਦ ਸੂਤਰਧਾਰ:** ਪਰ ਸ਼ਹਿਰੀਕਰਨ ਤੇ ਕੋਈ ਨਹੀਂ ਰੋਕ , 2030 ਤੱਕ ਆਬਾਦੀ ਦਾ 61% ਸ਼ਹਿਰਾਂ ਵਿੱਚ ਵਸ ਰਿਹਾ ਹੋਵੇਗਾ !

**ਔਰਤ ਸੂਤਰਧਾਰ:** ਹਾਂ ! ਸੰਸਾਰ ਦੇ 47 ਮਹਾਂ ਨਗਰਾਂ ਵਿੱਚ ਹੀ ਕਰੀਬ 80 ਕਰੋੜ ਆਬਾਦੀ ਹੈ । ਇਨ੍ਹਾਂ ਵਿੱਚੋਂ 32 ਤਾਂ ਸਾਡੇ ਮਹਾਂਦੀਪ ਏਸ਼ੀਆ ਵਿੱਚ ਹੀ ਨੇ !

**ਮਰਦ ਸੂਤਰਧਾਰ:** ਹਾਂ ਭਾਗਮਾਨੇ ! ਆਹ ਸਾਡਾ ਚੰਡੀਗੜ੍ਹ ਹੀ ਵੇਖ ਲਓ, 2030 ਤੱਕ ਤਾਂ ਇਹ ਵੀ ਕੁਰਾਲੀ, ਬੱਦੀ, ਕਾਲਕਾ, ਲਾਲੜੂ ਬਨੂੜ ਤੱਕ ਫੈਲ ਜਾਵੇਗਾ ! ਖੇਤੀ ਵਾਲੀ ਜਮੀਨ ਤਾਂ ਆਪੇ ਹੀ ਘਟੇਗੀ !

**ਔਰਤ ਸੂਤਰਧਾਰ:** ਪਰ ਪ੍ਰਭਾ ਵੱਡੀ ਗੱਲ ਤਾਂ ਹੈ ਕਿ ਇਸ ਪਸਾਰੇ ਨੇ ਰੁਜਗਾਰ ਉਨੇ ਪੈਦਾ ਨਹੀਂ ਕਰਨੇ ਜਿੰਨੇ ਖੋਹ ਲੈਣੇ ਨੇ ! ਤੇ ਸ੍ਰੋਤਾਂ ਦੀ ਖਪਤ ਦਾ ਵੱਡਾ ਹਿਸਾ ਨਿਗਲ ਜਾਣਾ ਹੈ !

**ਮਰਦ ਸੂਤਰਧਾਰ:** ਇਸ ਸ਼ਹਿਰੀਕਰਨ ਵਿੱਚ ਊਰਜਾ ਦੀ ਖਪਤ ਵੀ ਬੇ ਵਹਾ ਵਧ ਜਾਂਦੀ ਹੈ ਉਹ ਕਰਦੀ ਹੈ ਪਰਿਆਵਰਣ ਦਾ ਘਾਣ !

**ਔਰਤ ਸੂਤਰਧਾਰ:** ਹਾਂ ! ਬਿਜਲੀ ਬਹੁਤੀ ਕਰਕੇ ਪੈਦਾ ਹੁੰਦੀ ਹੈ ਕੋਲਾ ਅਧਾਰਤ ਤਾਪ ਬਿਜਲੀ ਘਰਾਂ ਵਿੱਚ ! ਇਨ੍ਹਾਂ ਵਿੱਚੋਂ ਨਿੱਕਲੇ ਕੋਲੇ ਦੇ ਕਣ ਵੱਡੇ ਪ੍ਰਦੂਸ਼ਕ ਨੇ, ਚੀਨ ਦੀ 68.7% ਤੇ ਅਮਰੀਕਾ ਦੀ 65% ਬਿਜਲੀ ਕੋਲਾ ਜਾ ਹੋਰ ਪਥਰਾਹਟੀ ਬਾਲਣਾਂ ਨਾਲ ਚਲਦੇ ਤਾਪ ਬਿਜਲੀ ਘਰਾਂ ਤੋਂ ਮਿਲਦੀ ਹੈ ।ਸੰਸਾਰ ਭਰ ਦੀ ਕੋਲੇ ਦੀ ਕੁੱਲ ਖਪਤ ਦਾ 14% ਹਿੱਸਾ ਤਾਂ ਇੱਕਲਾ ਅਮਰੀਕਾ ਹੀ ਵਰਤਦਾ ਹੈ !

**ਮਰਦ ਸੂਤਰਧਾਰ:** ਹਾਂ ਜੀ ! ਇਸੇ ਕਰਕੇ ਸ਼ਹਿਰਾਂ ਦਾ ਤਾਪਮਾਨ ਵੀ ਵੱਧ ਰਹਿੰਦਾ ਹੈ । ਇਸ ਵੱਧ ਤਾਪਮਾਨ ਕਰਨ ਗਰਮੀ ਵਾਪਸ ਨਾ ਜਾਣ ਕਰਕੇ ਪੈਦਾ ਹੁੰਦਇਆਂ ਨੇ ਪਰਿਆਵਰਣ ਦੀਆਂ ਸਮੱਸਿਆਵਾਂ !

**ਔਰਤ ਸੂਤਰਧਾਰ:** ਪਿੰਡਾਂ ਦੇ ਮੁਕਾਬਲੇ ਸ਼ਹਿਰੀ ਸ੍ਰੋਤਾਂ ਦੀ ਪ੍ਰਤੀ ਜੀਅ ਖਪਤ ਕਿਤੇ ਜਿਆਦਾ ਕਰਦੇ ਹਨ ਜਿਸ ਕਰਕੇ ਕੁਦਰਤੀ ਸ੍ਰੋਤਾਂ ‘ਤੇ ਦਬਾਅ ਵਧਦਾ ਹੈ ਤੇ ਨਾ ਨਵਿਆਉਣਯੋਗ ਸ੍ਰੋਤ ਮੁੱਕਦੇ ਵੀ ਜਾਂਦੇ ਨੇ ! ਵਿਕਾਸ ਦੀ ਧੁਰੀ ਦਿਆਂ ਵੀ ਹਿੱਲ ਜਾਂਦੀਆਂ ਨੇ ਚੂਲਾਂ !

**ਮਰਦ ਸੂਤਰਧਾਰ:** ਸ਼ਹਿਰੀ ਸ੍ਰੋਤ ਖਪਤ ਵੀ ਵੱਧ ਕਰਦੇ ਨੇ ਤੇ ਸਸਤੇ ਵੀ ਲੈਂਦੇ ਨੇ ! ਪਾਣੀ ਨੂੰ ਹੀ ਲੈ ਲਓ , ਚੰਡੀਗੜ੍ਹ ਵਿੱਚ ਕਜੌਲੀ ਵਾਟਰ ਵਰਕਸ ਤੋਂ ਭਾਖੜਾ ਦਾ ਪਾਣੀ ਆਉਂਦਾ ਹੈ ਤੇ ਘਰਾਂ ਵਿੱਚ ਜਾਂਦਾ ਹੈ 3-5 ਰੁਪਏ ਕਿਲੋ ਲੀਟਰ ਪਰ ਪੰਜਾਬ ਦੇ ਪਿੰਡਾਂ ਵਿੱਚ ਪੀਣ ਦਾ ਪਾਣੀ ਆਰ ਓ ਤੋਂ ਜਾ ਕੇ ਲਿਆਉਣਾ ਪੈਂਦਾ ਹੈ 150 ਰੁਪਏ ਕਿਲੋ ਲੀਟਰ !

**ਔਰਤ ਸੂਤਰਧਾਰ:** ਵਾਹ! ਨਸ਼ਤਰ ਵੀ ਉਥੇ ਜਿੱਥੇ ਖੂਨ ਪਹਿਲਾਂ ਹੀ ਨਹੀਂ ! ਇਹੀ ਹੈ ਨਿਆ ਸਾਡੇ ਸਮਾਜ ਦਾ ?

**ਮਰਦ ਸੂਤਰਧਾਰ:** ਮੰਨਿਆ ਕਿ ਹਰੀ ਇਮਾਰਤਸਾਜੀ ਤਾਂ ਸਾਡੀ ਵੀ ਹੈ ਜਿੰਮੇਵਾਰੀ ! ਪਰ ਰੁੱਖਾਂ ਦੀ ਅੰਧਾ-ਧੁੰਦ ਕਟਾਈ ਕਰ ਰਹੀ ਹੈ ਪਰਿਆਵਰਣ ਦੀ ਬਰਬਾਦੀ !

**ਔਰਤ ਸੂਤਰਧਾਰ:**ਪਰ ਵਿਕਾਸ ਲਈ ਰੁੱਖ ਤਾਂ ਕੱਟਣੇ ਹੀ ਪੈਣੇ ਨੇ! ਕੀ ਹੁਣ ਅਸੀਂ ਪੱਥਰਯੁੱਗ ਵੱਲ ਮੁੜ ਜਾਈਏ?

**ਮਰਦ ਸੂਤਰਧਾਰ:** ਹਾਂ ਪ੍ਰਭਾਣੀ ! ਪਰ ਸਾਰੇ ਸ੍ਰੋਤ ਸਾਡੀ ਮਲਕੀਅਤ ਨਹੀਂ ਬਲਕਿ ਇਹ ਤਾਂ ਸਾਡੇ ਕੋਲ ਆਉਣ

ਵਾਲੀਆਂ ਪੀੜ੍ਹੀਆਂ ਦੀ ਹਨ ਅਮਾਨਤ ! ਇਨ੍ਹਾਂ ਦੀ ਬੇਵਹਾ ਵਰਤੋਂ ਨਾਲ ਬਰਬਾਦੀ ਕਰਕੇ ਅਸੀਂ ਤਾਂ ਅਮਾਨਤ ਵਿੱਚ ਖਿਆਨਤ ਕਰ ਰਹੇ ਹਾਂ !

**ਔਰਤ ਸੂਤਰਧਾਰ:** ਆਹੋ! ਗਲੋਬਲ ਵਾਰਮਿੰਗ ਵੀ ਇਸੇ ਕਾਰਨ ਹੋ ਰਹੀ ਹੈ ! ਹੁਣ ਤਾਂ ਵਿਗਿਆਨੀਆਂ ਨੇ ਧਰਤੀ ਦੇ ਵਾਤਾਵਰਣ ਦਾ ਹੋਰ ਗਹਿਣ ਅਧਿਐਨ ਕੀਤਾ ਹੈ ਤੇ ਕੁਝ ਅਜਿਹੇ ਪੈਮਾਨੇ ਵੀ ਤੈਅ ਕੀਤੇ ਹਨ, ਜਿਹੜੇ ਇਸ ਗ੍ਰਹਿ ਨੂੰ ਸਿਹਤਮੰਦ ਬਣਾਈ ਰੱਖਣ ਦੇ ਲਈ ਜ਼ਰੂਰੀ ਹਨ। ਜਿਵੇਂ ਖੇਤੀਵਾਸਤੇ 15% ਭੂਮੀ ਦੀ ਵਰਤੋਂ, ਵੰਨ ਸੁਵੰਨਤਾ ਦਾ ਭਾਵ ਇੱਕ ਪ੍ਰਜਾਤੀ ਪ੍ਰਤੀ ਲੱਖ ਦਾ ਅਲੋਪਣ , ਕਾਰਬਨ ਡਾਈ ਅਕਸਾਈਡ ਦੀ ਸੀਮਾ ਆਦਿ !

**ਮਰਦ ਸੂਤਰਧਾਰ:** ਇਨ੍ਹਾਂ ਨੌ ਪੈਮਾਨਿਆਂ ਵਿੱਚ ਤਾਂ ਮਹਾਂਸਾਗਰਾਂ ਦੇ ਖਾਰੇਪਨ ਦੀ ਸੀਮਾ ਹੈ 2.75 ਓਮੇਗਾ ਯੂਨਿਟ ਤੇ ਓਜ਼ੋਨ ਛਤਰੀ ਦੇ ਛੇਕ ਦੀ ਸੀਮਾ ਤਹਿ ਕੀਤੀ ਹੈ 276 ਡਾਬਸਨ ਯੂਨਿਟ!

**ਔਰਤ ਸੂਤਰਧਾਰ:** ਆਹੋ ਜੀ! ਇਨ੍ਹਾਂ ਵਿੱਚ ਤਾਂ ਨਾਈਟਰੋਜਨ ਤੇ ਫਾਸਫੋਰਸ ਦੀ ਸੀਮਾ , ਮਿੱਠੇ ਪਾਣੀ ਦੀ ਵਰਤੋਂ ਸੀਮਾ . ਵਾਤਾਵਰਣ ਵਿੱਚ ਐਰੋਸੋਲ ਦਾ ਪੱਧਰ ਤੇ ਰਸਾਇਣਿਕ ਪ੍ਰਦੂਸ਼ਣ ਦੀ ਸੀਮਾ ਵੀ ਸ਼ਾਮਲ ਨੇ !

**ਮਰਦ ਸੂਤਰਧਾਰ:** ਹਾਂ ਜੀ ! ਹਰਿਤ ਘਰ ਗੈਸਾਂ 'ਤੇ ਨਿਯੰਤਰਨ ਦੀ ਤਾਂ ਲੋੜ ਹੈ ਪਰ ਹੁਣ ਤਾਂ ਵਿਗਿਆਨੀ ਹਰਿਤ ਭਵਨ ਸਮੱਗਰੀ ਤੇ ਹਰਿਤ ਭਵਨਾਂ ਵੱਲ ਵੀ ਵਧ ਰਹੇ ਹਨ !

**ਔਰਤ ਸੂਤਰਧਾਰ:** ਇੰਪੀਰੀਅਲ ਕਾਲਜ, ਲੰਦਨ ਵਿਚ ਵਿਗਿਆਨੀ ਨਿਕੋਲਸ ਵਲਾਸੋਪੋਲਸ ਨੇ ਤਾਂ ਆਪਣੀ ਪੜ੍ਹਾਈ ਦੇ ਦੌਰਾਨ ਹੀ ਕਾਰਬਨ ਡਾਈ ਅਕਸਾਈਡ ਦੇ ਸੋਖਣ ਕਰਨ ਵਾਲੇ ਸੀਮੈਂਟ ਦੀ ਖੋਜ ਕਰ ਲਈ ਸੀ ।

**ਮਰਦ ਸੂਤਰਧਾਰ:** ਹਾਂ ! ਇਹ ਸੀਮੇਂਟ ਪ੍ਰਤੀ ਟਨ ਲਗਭਗ 100 ਕਿਲੋਗ੍ਰਾਮ ਗ੍ਰੀਨ ਹਾਊਸ ਗੈਸਾਂ ਨੂੰ ਸੋਖ ਲੈਂਦਾ ਹੈ।

**ਔਰਤ ਸੂਤਰਧਾਰ:** ਹਾਂ ਜੀ ! ਇਸ ਖੋਜ ਨਾਲ ਤਾਂ ਸੰਭਾਵਨਾ ਬਣ ਰਹੀ ਹੈ ਕਿ ਕਨਕਰੀਟ ਦੇ ਜੰਗਲ ਹਰਿਤ ਜੰਗਲਾਂ ਵਿੱਚ ਬਦਲਣ ਲੱਗ ਜਾਣਗੇ !

**ਮਰਦ ਸੂਤਰਧਾਰ:** ਹਾਂ ! ਇਸ ਨਾਲ ਟਿਕਾਊ ਵਿਕਾਸ ਦੀ ਦਿਸ਼ਾ ਵਿੱਚ ਹੋਣਗੇ ਭਵਨਾਂ ਦੇ ਨਿਰਮਾਨ ਵੀ !

**ਔਰਤ ਸੂਤਰਧਾਰ:** ਪਰ ਵੱਧਦੇ ਸ਼ਹਿਰੀਕਰਨ ਨੇ ਸਾਨੂੰ ਮਜਬੂਰ ਕਰ ਦਿੱਤਾ ਹੈ ਕਿ ਅਸੀਂ ਲੇਟਵੇਂ ਰੁੱਖ ਭਵਨ ਉਸਾਰੀ ਦੀ ਦਿਸ਼ਾ ਬਦਲ ਕੇ ਖੜ੍ਹਵੇਂ ਰੁੱਖ ਨੂੰ ਉਸਾਰੀ ਕਰੀਏ! ਅਜ ਬਹੁ ਮੰਜ਼ਲਾ ਇਮਾਰਤਾਂ ਆਮ ਵਰਤਾਰਾ ਹੈ ! ਕੀ ਉਹ ਕੇਵਲ ਹਰਿਤ ਸੀਮੈਂਟ ਨਾਲ ਹੀ ਬਣ ਜਾਣਗੀਆਂ ਹਰਿਤ ਇਮਾਰਤਾਂ ?

**ਮਰਦ ਸੂਤਰਧਾਰ:** ਵਧੀਆ ਪ੍ਰਸ਼ਨ ਹੈ ! ਭਵਨ ਨਿਰਮਾਨ ਵਿੱਚ ਮੁੜ ਵਰਤੋਂ ਵਾਲੀ ਸਮੱਗਰੀ ਦੇ ਘੱਟਦੇ ਰੁਝਾਨ ਕਾਰਨ ਇਮਾਰਤਾਂ ਬਣ ਰਹੀਆਂ ਨੇ ਹਰਿਤ ਘਰ ਗੈਸਾਂ ਦੇ ਉਤਸਰਜਨ ਵਧਾਉਣ ਦਾ ਜ਼ਰੀਆ ! ਪਰ ਡੀਜ਼ਾਈਨ ਤੇ ਸਮੱਗਰੀ ਦੇ ਸੁਧਾਰ ਨਾਲ ਇਸ ਸਮੱਸਿਆ ਦਾ ਹੋ ਸਕਦਾ ਹੈ ਸਮਾਧਾਨ !

**ਔਰਤ ਸੂਤਰਧਾਰ:** ਭਵਨ ਨਿਰਮਾਨ ਬੇ ਰੋਕ ਟੋਕ ਨਹੀਂ ਹੋ ਸਕਦਾ ! ਟਿਕਾਊ ਭਵਨ ਨਿਰਮਾਨ ਵਿੱਚ ਸ਼ਹਿਰਾਂ ਦੇ ਫੇਫੜੇ ਭਾਵ ਪਾਰਕਾਂ ਆਦਿ ਨੂੰ ਬਚਾਉਣਾ ਤੇ ਰੁੱਖਾਂ ਦੀ ਸੰਭਾਲ ਵੀ ਜਰੂਰੀ ਹੈ ! ਭਵਨ ਨਿਰਮਾਨ ਨਾਲ ਬਹੁਤ ਸਾਰ ਜੀਵ ਜੰਤੂਆਂ ਦੇ ਰੇਣ ਬਸੇਰਿਆ ਤੇ ਮਾੜਾ ਪ੍ਰਭਾਵ ਪੈਂਦਾ ਹੈ ਉਸ ਨੂੰ ਰੋਕਨਾ ਜਰੂਰੀ ਹੈ ।

**ਮਰਦ ਸੂਤਰਧਾਰ:** ਪਹਿਲਾਂ ਇਟਾਂ ਨਾਲ ਭਵਨ ਨਿਰਮਾਨ ਹੁੰਦਾ ਸੀ ਪਰ ਉਨ੍ਹਾਂਦਾ ਭਾਰ ਵੱਧ ਜਾਂਦਾ ਸੀ । ਅਜੋਕੀਆਂ ਬਹੁ ਮੰਜ਼ਿਲਾ ਇਮਾਰਤਾਂ ਵਾਸਤੇ ਹਲਕੀਆਂ ਇਟਾਂ ਦੀ ਲੋੜ ਹੈ । ਇਹ ਇੱਟਾਂ ਫਲਾਈ ਐਸ ਵਰਗੀਆਂ ਬੇਲੋੜੀਆਂ ਵਸਤਾਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ !

**ਔਰਤ ਸੂਤਰਧਾਰ:** ਹੁਣ ਤਾਂ ਹਲਕਾ ਸੀਮੈਂਟ ਵੀ ਬਣ ਗਿਆ ਹੈ । ਪਹਿਲਾਂ ਤਾਂ ਚੂਨੇ ਤੇ ਖਣਿਜਾਂ ਤੋਂ ਸੀਮੈਂਟ ਬਣਦਾ ਸੀ ਪਰ ਹੁਣ ਮਿਸ਼ਰਤ ਸੀਮੈਂਟ ਬਣਦਾ ਹੈ ! ਇਸ ਨੂੰ ਬਣਾਉਣ ਵਿੱਚ ਤਾਪ ਬਿਜਲੀ ਘਰਾਂ ਵਿੱਚੋਂ ਨਿਕਲੀ ਫਲਾਈ ਐਸ਼ ਨੂੰ ਸੋਧ ਕੇ ਵਰਤਿਓ ਜਾਂਦਾ ਹੈ । ਇਹ ਹਲਕਾ ਹੁੰਦਾ ਹੈ !

**ਮਰਦ ਸੂਤਰਧਾਰ:** ਪਰ ਸੀਮੈਂਟ ਨਾਲ ਬਣੇ ਕੰਕਰੀਟ ਦੇ ਨਿਰਮਾਨ ਨੂੰ ਪੂਰੀ ਯੋਜਨਾਬੰਦੀ ਨਾਲ ਲੰਮੇ ਸਮੇ ਲਈ ਬਣਾਉਣਾ ਜਰੂਰੀ ਹੈ ਕਿਉਂ ਜੋ ਇਨ੍ਹਾਂ ਦੇ ਤੋੜੇ ਜਾਣ ਤੇ ਸਮੱਗਰੀ ਕੰਮ ਨਹੀਂ ਆਉਂਦੀ ਤੇ ਤੋੜਨ ਵੇਲੇ ਪਰਿਆਵਰਨ ਦੀ ਵੀ ਬਹੁਤ ਹਾਨੀ ਹੁੰਦੀ ਹੈ !

**ਔਰਤ ਸੂਤਰਧਾਰ:** ਬੱਸ ਸਮਝ ਲਈਏ ਕਿ ਕੇਵਲ ਲੋਹੇ ਦਾ ਪੁਨਰ ਚਕਰੀਕਰਨ ਹੋ ਸਕਦਾ ਹੈ , ਬਾਕੀ ਸੱਭ ਹੋ ਜਾਂਦਾ ਹੈ ਨਸ਼ਟ ! ਇਸ ਨਾਲ ਹੁੰਦੀ ਹੈ ਸ੍ਰੋਤਾਂ ਦੀ ਬਰਬਾਦੀ ਵੀ ! ਅਜਿਹਾ ਕਰਨਾ ਲਾਉਂਦਾ ਹੈ ਢਾਹ ਟਿਕਾਊ ਵਿਕਾਸ ਨੂੰ ਵੀ !

**ਮਰਦ ਸੂਤਰਧਾਰ:** ਸਟੀਲ ਸਰੰਚਨਾਵਾਂ ਦੀਆਂ ਵੀ ਕਈ ਨੇ ਸਮੱਸਿਆਵਾਂ , ਜਿਵੇਂ ਜੰਗ ਲੱਗਣਾ , ਅੱਗ ਤੋਂ ਬਚਾਅ ਮੁਸ਼ਕਲ ਹੋਣਾ ਅਤੇ ਨਿਰਮਾਨ ਵਾਸਤੇ ਜਿਆਦਾ ਪੂੰਜੀ ਦੀ ਲਾਗਤ!

**ਔਰਤ ਸੂਤਰਧਾਰ:** ਇਨ੍ਹਾਂ ਚੁਣੌਤੀਆ ਦੇ ਮੁਕਾਬਲੇ ਲਈ ਜਰੂਰੀ ਹੈ ਕਿ ਪਹਿਲ ਪ੍ਰਿਥਮੇ ਇੱਕ ਯੋਗ ਤੇ ਮਾਹਰ ਟੀਮ ਦੁਆਰਾ ਸਰੰਚਨਾ ਤੇ ਨਕਸ਼ਾਕਸੀ ਡੀਜ਼ਾਈਨ ਸਹੀ ਬਣਾਏ ਜਾਣ !

**ਮਰਦ ਸੂਤਰਧਾਰ:** ਸਹੀ ਡੀਜਾਈਨ ਉਹੀ ਹੁੰਦੇ ਨੇ ਜਿਹੜੇ ਕਾਨੂੰਨੀ ਪ੍ਰਵਾਧਾਨਾਂ ਅਨੁਸਾਰ ਸਾਰੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਬਣਾਏ ਜਾਣ !

**ਔਰਤ ਸੂਤਰਧਾਰ:** ਹਾਂ ! ਭਾਰਤੀ ਮਾਨਕ ਬਿਊਰੋ ਦੁਆਰਾ ਨਿਰਧਾਰਤ ਮਾਨਕਾਂ ਦੀ ਪੂਰਤੀ ਵਾਲੇ ਡਿਜਾਈਨ ਹੀ ਸਹੀ ਮੰਨੇ ਜਾ ਸਕਦੇ ਹਨ ਅਤੇ ਫਿਰ ਉਸਾਰੀ ਵੇਲੇ ਵੀ ਮੌਕੇ ਦੇ ਇੰਜੀਨੀਅਰਾਂ ਵੱਲੋਂ ਉਨ੍ਹਾਂ ਮਾਨਕਾਂ ਦੀ ਇੰਨ ਬਿੰਨ ਪਾਲਣਾ ਵੀ ਜਰੂਰੀ ਹੈ !

**ਮਰਦ ਸੂਤਰਧਾਰ:** ਹਾਂ ਨਿਰਮਾਨ ਦੌਰਾਨ ਵੀ ਵੱਖ ਵੱਖ ਪੜਾਵਾਂ ‘ਤੇ ਪੂਰੀ ਦਰੁਸਤ ਜਾਂਚ ਦੀ ਲੋੜ ਹੈ !

**ਔਰਤ ਸੂਤਰਧਾਰ:** ਟਿਕਾਊ ਵਿਕਾਸ ਦੇ ਲਈ ਜਰੂਰੀ ਹੈ ਕਿ ਅਸੀਂ ਊਰਜਾ ਕੁਸ਼ਲ ਹਰੀਆਂ ਇਮਾਰਤਾਂ ਦੀ ਉਸਾਰੀ ਕਰੀਏ ਤੇ ਉਨ੍ਹਾਂ ਦਾ ਠੀਕ ਰੱਖ ਰਖਾਓ ਕਰੀਏ ।

**ਮਰਦ ਸੂਤਰਧਾਰ:** ਹਾਂ ! ਨਕਸ਼ਾਕਸੀ ਡਿਜਾਈਨ ਵਿੱਚ ਧੁੱਪ ਦਾ ਤੇ ਸੂਰਜੀ ਰੌਸ਼ਨੀ ਦੇ ਆਉਣ ਦਾ ਪੂਰਾ ਧਿਆਨ ਰੱਖਿਆ ਜਾਵੇ ਤਾ ਕਿ ਦਿਨ ਵੇਲੇ ਲਾਈਟ ਜਗਾਉਣ ਦੀ ਲੋੜ ਨ ਪਵੇ ! ਭਵਨਾਂ ਦੁਆਲੇ ਰੁੱਖਾਂ ਦੀ ਸਹੀ ਕਤਾਰਬੰਦੀ ਰਾਹੀਂ ਅਸੀਂ ਗਰਮੀਆਂ ਵਿੱਚ ਕੂਲਰ ਤੇ ਏਸੀ ਆਦਿ ਦੀ ਅਤੇ ਸਰਦੀ ਵਿੱਚ ਹੀਟਰ ਦੀ ਵਰਤੋਂ ਘਟਾ ਕੇ ਊਰਜਾ ਬਚਾ ਸਕਦੇ ਹਾਂ !

**ਔਰਤ ਸੂਤਰਧਾਰ:** ਕਾਰਬਨੀ ਪੈੜਾਂ ਘਟਾਉਣ ਵਾਸਤੇ , ਸੌਰ ਪੈਨਲ ਲਗਾਉਣਾ ਅਤੇ ਹਵਾ ਤੇ ਕੁਦਰਤੀ ਰੋਸ਼ਨੀ ਦਾ ਖੁਲ੍ਹਾ ਪ੍ਰਵੇਸ਼ ਹੀ ਸਹੀ ਜਾਮਨੀ ਹਨ !

**ਮਰਦ ਸੂਤਰਧਾਰ:** ਹਾਂ ! ਹਰਿਤ ਭਵਨਾਂ ਦੀ ਇੱਕ ਹੋਰ ਖੂਬੀ ਹੈ ਕਿ ਉਨ੍ਹਾਂ ਵਿੱਚ ਵਰਖਾ ਦੇ ਪਾਣੀ ਨੂੰ ਸਹੇਜਣ ਦਾ ਪੂਰਾ ਪ੍ਰਬੰਧ ਹੁੰਦਾ ਹੈ ਤੇ ਪਾਣੀ ਅਜਾਈਂ ਜਾਣ ਤੋਂ ਬਚਾਉਣ ਦੇ ਸਭ ਪ੍ਰਬੰਧ ਹੁੰਦੇ ਹਨ !

**ਔਰਤ ਸੂਤਰਧਾਰ:** ਹਰੀਆਂ ਇਮਾਰਤਾਂ ਵਿੱਚ ਪਾਣੀ ਦੀ ਸਾਂਭ-ਸੰਭਾਲ, ਘੱਟ ਵਰਤੋਂ, ਮੁੜ ਵਰਤੋਂ ਅਤੇ ਪੁਨਰ ਚਕਰੀਕਰਨ ਦਾ ਵੀ ਪੁਖਤਾ ਪਰਬੰਧ ਹੁੰਦਾ ਹੈ !

**ਮਰਦ ਸੂਤਰਧਾਰ:** ਹਰਿਤ ਭਵਨਾਂ ਵਿੱਚ ਪ੍ਰਬੰਧ ਹੁੰਦਾ ਹੈ ਕਿ ਭਾਂਡੇ ਮਾਂਜਣ ਧੋਣ, ਕਪੜੇ ਧੋਣ, ਨਹਾਉਣ, ਸਫ਼ਾਈ ਕਰਨ ਲਈ ਜੋ ਪਾਣੀ ਵਰਤਿਆ ਜਾਂਦਾ ਹੈ ਉਸ ਨੂੰ ਨਾਲੀ ਵਿਚ ਵਹਾਉਣ ਦੇ ਬਜਾਏ ਕਿਤੇ ਜਮ੍ਹਾ ਕਰ ਲਿਆ ਜਾਵੇ ਤੇ ਫਿਰ ਥੋੜ੍ਹਾ ਜਿਹਾ ਸੁਧਾਰ ਕੇ ਉਸ ਪਾਣੀ ਨੂੰ ਬਗ਼ੀਚੇ ਨੂੰ ਪਾਣੀ ਦੇਣ ਲਈ ਅਤੇ ਟਾਈਲੈਂਟ ਵਿਚ ਫਲੱਸ਼ ਕਰਨ ਦੇ ਲਈ ਵਰਤਿਆ ਜਾ ਸਕੇ...!

**ਔਰਤ ਸੂਤਰਧਾਰ:** ਹਰਿਤ ਭਵਨ ਉਹੀ ਮੰਨੇ ਜਾ ਸਕਦੇ ਹਨ ਜਿਥੇ ਵਿਘਟਣਯੋਗ ਕੂੜੇ ਨੂੰ ਅਲੱਗ ਕਰਕੇ ਖਾਦ ਬਨਾਉਣ, ਬਾਗਾਂ ਵਿੱਚ ਇਸ ਖਾਦ ਦੀ ਵਰਤੋਂ ਕਰਨ, ਸੁੱਕੇ ਕੂੜੇ ਦਾ ਪੁਨਰ-ਚੱਕਰੀਕਰਨ ਕਰਨ ਵਰਗੇ ਕੂੜੇ ਦੇ ਨਿਪਟਾਰੇ ਦੇ ਪੂਰੇ ਪ੍ਰਬੰਧ ਹੋਣ !

**ਮਰਦ ਸੂਤਰਧਾਰ:** ਹਰਿਤ ਭਵਨਾਂ ਵਿੱਚ ਹਰ ਪ੍ਰਬੰਧ ਤੇ ਕੋਸ਼ਿਸ਼ ਹੁੰਦੀ ਹੈ ਥਿਰੀ ਆਰ ਸੂਤਰ ਲਾਗੂ ਕਰਨ ਦੀ, ਯਾਣੀ ਕਿ ਘੱਟ ਵਰਤੋ, ਮੁੜ ਵਰਤੋ, ਪੁਨਰ-ਚਕਰੀਕਰਨ ਕਰਕੇ ਵਰਤੋ !

**ਔਰਤ ਸੂਤਰਧਾਰ:** ਹਰਿਤ ਭਵਨਾਂ ਵਿੱਚ ਸ਼ਸਿ ਦੀ ਘੱਟ ਤੋਂ ਘੱਟ ਵਰਤੋਂ ਕੀਤੀ ਜਾਂਦੀ ਹੈ !

............**ਦ੍ਰਿਸ਼ ਬਦਲਾਅ ਸੰਗੀਤ** ............

**ਦ੍ਰਿਸ਼ -2**

(ਲੋਕਾਂ ਨਾਲ ਸੱਥ ਵਿੱਚ ਵਾਰਤਾਲਾਪ ਚੱਲ ਰਿਹਾ ਹੈ ! )

**ਔਰਤ ਸੂਤਰਧਾਰ:** ਅੱਜ ਤਾਂ ਸ਼ਹਿਰ ਵਿੱਚ ਜਾਮ ਹੀ ਲੱਗੇ ਪਏ ਨੇ , ਅੱਧਾ ਅੱਧਾ ਘੰਟਾ ਲੱਗ ਜਾਂਦਾ ਹੈ 200-300 ਮੀਟਰ ਤੱਕ ਨਿਕਲਣ ਵਾਸਤੇ !

**ਮਰਦ ਸੂਤਰਧਾਰ:** ਹਾਂ ! ਇਹ ਸਮੱਸਿਆ ਟਰੈਫਿਕ ਜਾਮਾਂ ਦੀ ਤਾਂ ਸਾਡੇ ਇੱਥੇ ਹੀ ਨਹੀਂ ਸਾਰੇ ਹੀ ਮਹ ਨਗਰਾਂ ਦੀ ਗੰਬੀਰ ਸਮੱਸਿਅਆ ਹੈ !

**ਔਰਤ ਸੂਤਰਧਾਰ:** ਹਾਂ ਜੀ ਜਾਮ ਵਿੱਚ ਵਾਹਣ ਚਲਦੇ ਰਹਿਣ ਕਾਰਨ ਫਾਲਤੂ ਤੇਲ ਬਲਦਾ ਹੈ ਤੇ ਪਰਿਆਵਰਣ ਵੀ ਹੁੰਦਾ ਹੈ ਖਰਾਬ !

**ਮਰਦ ਸੂਤਰਧਾਰ:** ਵਾਹਣਾ ਵਿੱਚ ਬੈਠੇ ਬੰਦਿਆਂ ਦੇ ਜਿਥੇ ਕੰਨ ਪਾੜਦੇ ਨੇ ਸ਼ੋਰ ਨਾਲ ਉਥੇ ਉਨ੍ਹਾਂ ਨੂੰ ਸਾਂਹ ਲੈਣਾ ਵੀ ਹੋ ਜਾਂਦਾ ਹੈ ਮੁਸ਼ਕਲ ਤੇ ਦਮ ਲੱਗਦਾ ਹੈ ਘੁਟਣ !

**ਔਰਤ ਸੂਤਰਧਾਰ:** ਵਧਦੇ ਟਰੈਫਿਕ ਵਿੱਚ ਭੀੜ ਭੜੱਕੇ ਵਿੱਚ ਐਕਸੀਡੈਂਟ ਵੀ ਤਾਂ ਵੱਧ ਜਾਂਦੇ ਨੇ !

**ਮਰਦ ਸੂਤਰਧਾਰ:** ਇਨ੍ਹਾਂ ਐਕਸੀ ਡੈਂਟਾਂ ਵਿੱਚ ਆਮ ਤੌਰ ਤੇ ਦੋ ਪਹੀਆਂ ਵਾਹਣ ਸਵਾਰ ਜਾ ਪੈਦਲ ਯਾਤਰੀ ਹੀ ਫੱਟੜ ਹੁੰਦੇ ਨੇ ਤੇ ਮੌਤ ਦੇ ਮੂੰਹ ਜਾ ਪੈਂਦੇ ਨੇ !

**ਔਰਤ ਸੂਤਰਧਾਰ:** ਪਰ ਇਸ ਵੱਧਦੇ ਟਰੈਫਿਕ ਦਾ ਹੱਲ ਤਾਂ ਇੱਕ ਹੀ ਹੈ ਕਿ ਲੋੜ ਪੈਣ ਤੋਂ ਬਿਨਾ ਬਾਹਰ ਨਾ ਨਿੱਕਲੋ, ਸਮੇ ਤੋਂ ਕਾਫੀ ਪਹਿਲਾਂ ਚੱਲ ਪਵੋ, ਐਕਸੀਡੈਂਟਾਂ ਤੋਂ ਬਚਣ ਵਾਸਤੇ ਧਿਆਨ ਨਾਲ ਵਾਹਣ ਚਲਾਓ ! ਕਾਹਲੀ ਨਾ ਕਰੋ !

**ਮਰਦ ਸੂਤਰਧਾਰ:** ਹਾਂ ਭਾਗਮਾਨੇ ਇਹ ਵਿਅਕਤੀਗਤ ਹੱਲ ਤਾਂ ਕਈ ਹਨ ਤੇ ਕਰਨੇ ਵੀ ਚਾਹੀਦੇ ਹਨ ! ਪਰ ਇਹ

ਵੱਡੀ ਸਮੱਸਿਆ ਦਾ ਹੱਲ ਨਹੀਂ ! ਸਮੱਸਿਆ ਦਾ ਹੱਲ ਤਾਂ ਸਥਾਨਕ ਪ੍ਰਸ਼ਾਸ਼ਨ ਵੱਲੋਂ ਸਮੁਦਾਇਕ ਪੱਧਰ ਦਿਆਂ ਗਤੀਵਿਧੀਆਂ ਨਾਲ ਹੀ ਨਿੱਕਲ ਸਕਦਾ ਹੈ !

**ਔਰਤ ਸੂਤਰਧਾਰ:** ਆਹੋ ਜੀ ! ਜਦ ਪ੍ਰਸ਼ਾਸ਼ਨਿਕ ਪੱਧਰ ਤੇ ਹੱਲ ਹੋਵੇਗਾ ਤਾਂ ਤੇ ਕੱਲੇ ਕੱਲੇ ਦੇ ਯਤਨਾਂ ਨਾਲੋਂ ਬਿਹਤਰ ਸਮਾਧਾਨ ਹੋਵੇਗਾ ਤੇ ਇਸ ਵਿੱਚ ਸਮੇ ਤੇ ਊਰਜਾ ਦੀ ਬੱਚਤ ਵੀ ਹੋਵੇਗੀ !

**ਮਰਦ ਸੂਤਰਧਾਰ:** ਕੇਵਲ ਸਮੇ ਤੇ ਊਰਜਾ ਦੀ ਬੱਚਤ ਹੀ ਨਹੀਂ , ਐਕਸੀਡੈਂਟਾਂ ਰਾਹੀਂ ਹੋਣ ਵਾਲੀਆਂ ਮੌਤਾਂ ਵੀ ਘਟਣਗੀਆਂ ।

**ਔਰਤ ਸੂਤਰਧਾਰ:** ਪਰ ਕਈ ਮੌਤਾਂ ਤਾਂ ਫਲਾਈ ਓਵਰ ਕਰਾਸ ਕਰਨ ਵਾਸਤੇ ਬਣੇ ਲਾਂਘੇ ਤੋਂ ਸੜਕ ਪਾਰ ਕਰਨ ਦੀ ਥਾਂ ਪੁਲ ਦੇ ਉਪਰੋਂ ਹੀ ਲੰਘਣ ਦੀ ਕੋਸ਼ਿਸ਼ ਵੇਲੇ ਤੇਜ ਵਾਹਣਾਂ ਨਾਲ ਟਕਰਾਉਣ ਕਰਕੇ ਹੁੰਦੇ ਹਨ!

**ਮਰਦ ਸੂਤਰਧਾਰ:** ਹਾਂ! ਹੁੰਦੇ ਹਨ ! ਪਰ ਸੋਚਨ ਦੀ ਲੋੜ ਹੈ ਕਿ ਲੋਕ ਇਨ੍ਹਾਂ ਲਾਂਘਿਆਂ ਨੂੰ ਕਿਉਂ ਨਹੀਂ ਵਰਤਦੇ ?

**ਔਰਤ ਸੂਤਰਧਾਰ:** ਕਿਉਂ ਨਹੀਂ ਵਰਤਦੇ ਇਨ੍ਹਾਂ ਕਰਾਸਿੰਗਾਂ ਨੂੰ ਪੈਦਲ ਚੱਲਣ ਵਾਲੇ ?

**ਮਰਦ ਸੂਤਰਧਾਰ:** ਕਾਰਨ ਸਪਸ਼ਟ ਹੈ ਕਿ ਇਹ ਕਰਾਸਿੰਗ ਬਹੁਤ ਦੂਰ ਬਣੀਆਂ ਹਨ ! ਚਾਲੀ ਪੰਜਾਹ ਮੀਟਰ ਦਾ ਰਸਤਾ ਤਹਿ ਕਰਨ ਵਾਸਤੇ ਪਹਿਲਾਂ ਦੋ ਸੌ ਮੀਟਰ ਪੈਦਲ ਇੱਕ ਪਾਸੇ ਤੇ ਫਿਰ 200 ਮੀਟਰ ਪੈਦਲ ਦੂਜੇ ਪਾਸੇ , ਕਰਾਸਿੰਗ ਤੋਂ ਲੰਘਣ ਵਾਸਤੇ 400 ਮੀਟਰ ਵਾਧੂ ਚਲਣਾ ਪੈਂਦਾ ਹੈ !

**ਔਰਤ ਸੂਤਰਧਾਰ:** ਅੰਡਰ ਜਾਂ ਓਵਰ ਬਰਿਜ ਰਾਹੀਂ ਕਰਾਸ ਕਰਨ ਵਾਸਤੇ ਵੀ ਬੱਚਿਆਂ, ਬਜੁਰਗਾਂ ਤੇ ਅਪੰਗਾਂ ਨੂੰ ਬਹੁਤ ਮੁਸ਼ਕਲ ਹੁੰਦੀ ਹੈ !

**ਮਰਦ ਸੂਤਰਧਾਰ:** ਹਾਂ ਜੀ 30-40 ਪੌੜੀਆਂ ਉਤਰਨਾ ਤੇ ਫਿਰ 30 ਚਾਲੀ ਪੌੜੀਆਂ ਚੜ੍ਹਨਾ ਤਾਂ ਉਨ੍ਹਾਂ ਨੂੰ ਬੁਰੀ ਤਰ੍ਹਾਂ ਥਕਾ ਦਿੰਦਾ ਹੈ !

**ਔਰਤ ਸੂਤਰਧਾਰ:** ਹਾਂ ਇਹ ਤਾਂ ਪੈਦਲ ਰਾਹੀਆਂ ਵਾਸਤੇ ਬਹੁਤ ਹੀ ਅਸੁਵਿਧਾਜਨਕ ਹੈ ! ਇਸ ਵਿੱਚ ਤਾਂ ਵਾਧੂ ਸਮਾ ਤੇ ਸਰੀਰਕ ਊਰਜਾ ਦੋਵੇਂ ਲੱਗਦੇ ਹਨ !

**ਮਰਦ ਸੂਤਰਧਾਰ:** ਹਾਂ ! ਇਹ ਕਰਾਸਿੰਗ ਪੈਦਲ ਵਾਲਿਆਂ ਦੀ ਸਹੂਲਤ ਨਹੀਂ ਸਗੋਂ ਤੇਜ ਵਾਹਣਾਂ ਦੀ ਸਹੂਲਤ ਨੂੰ ਹੀ ਧਿਆਨ ਵਿੱਚ ਰੱਖ ਕੇ ਬਣਾਏ ਹਨ !

**ਔਰਤ ਸੂਤਰਧਾਰ:** ਦਰਅਸਲ ਸਾਰੇ ਫਲਾਈਓਵਰ ਵੀ ਪੈਦਲ , ਦੁਪਹੀਆ ਜਾ ਰੇੜ੍ਹੇ ਰਿਕਸ਼ੇ ਆਦਿ ਦਾ ਧਿਆਨ ਰੱਖ ਕੇ ਨਹੀਂ ਸਗੋਂ ਤੇਜ ਵਾਹਣਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਬਣਾਏ ਜਾਂਦੇ ਨੇ !

**ਮਰਦ ਸੂਤਰਧਾਰ:** ਇਸਦੇ ਉਲਟ ਤੱਥ ਇਹ ਹਨ ਕਿ ਮੁੰਬਈ ਵਿੱਚ 44% ਲੋਕ ਕੰਮ ‘ਤੇ ਪੈਦਲ ਜਾਂਦੇ ਹਨ ਤੇ 3.1 % ਸਾਈਕਲ ਤੇ ! ਪਰ ਸਾਡੇ ਸਮਾਨ ਅਧਿਕਾਰਾਂ ਵਾਲੇ ਪ੍ਰਸ਼ਾਸ਼ਨ ਵਿੱਚ ਅਜੇ ਉਨ੍ਹਾਂ ਨੂੰ ਸਮਾਨਤਾ ਨਹੀਂ ਮਿਲੀ !

**ਔਰਤ ਸੂਤਰਧਾਰ:** ਦਿੱਲੀ ਵਿੱਚ ਤਾਂ ਮੈਟਰੋ ਨੇ ਕਾਫੀ ਹੱਲ ਕਰ ਦਿੱਤੀ ਹੈ ਸਮੱਸਿਆ !

**ਮਰਦ ਸੂਤਰਧਾਰ:** ਹਾਂ ! ਪਰ ਮੈਟਰੋ ਵਿੱਚ ਵੀ ਹੁਣ ਤਾਂ ਤਿਲ ਸੁੱਟਣ ਨੂੰ ਨਹੀਂ ਹੁੰਦੀ ਥਾਂ ! ਮੈਟਰੋ ਚਲਾਉਣ ਵਾਸਤੇ ਤਾਂ ਪੈਸਾ ਵੀ ਬਹੁਤ ਚਾਹੀਦਾ ਐ ! ਮੈਟਰੋ ਦਾ ਖਰਚਾ ਹੈ 600 ਕਰੋੜ ਰੁਪਏ ਪ੍ਰਤੀ ਕਿਲੋ ਮੀਟਰ !

**ਔਰਤ ਸੂਤਰਧਾਰ:** ਇਸ ਸਮੱਸਿਆ ਦਾ ਕੋਈ ਹੋਰ ਸਸਤਾ ਤੇ ਟਿਕਾਊ ਹੱਲ ਨਹੀਂ ?

**ਮਰਦ ਸੂਤਰਧਾਰ:** ਹੱਲ ਤਾਂ ਖੋਜੇ ਜਾਂਦੇ ਰਹਿੰਦੇ ਹਨ ! ਇੱਕ ਹੱਲ ਹੋਰ ਹੈ , ਜੋ ਸੌਖਾ ਵੀ ਹੈ ਤੇ ਸਸਤਾ ਵੀ !

**ਔਰਤ ਸੂਤਰਧਾਰ:** ਹੈਂ ! ਸੌਖਾ ਵੀ ਤੇ ਸਸਤਾ ਵੀ ! ਉਹ ਕਿਹੜਾ ?

**ਮਰਦ ਸੂਤਰਧਾਰ:** ਉਹ ਹੈ ਬੀ ਆਰ ਟੀ ਯਾਣੀ ਬਸ ਰੈਡਿ ਟਰਾਂਜ਼ਿਟ !

**ਔਰਤ ਸੂਤਰਧਾਰ:** ਕੀ ਕਰਦੇ ਨੇ ਇਸ ਬੀ ਆਰ ਟੀ ਵਿੱਚ ?

**ਮਰਦ ਸੂਤਰਧਾਰ:** ਇਸ ਵਿੱਚ ਬਸਾਂ ਨੂੰ ਜਾਮ ਵਿੱਚ ਫਸਨ ਤੋਂ ਰੋਕਨ ਦਾ ਹੈ ਉਪਾਅ ! ਇਥੇ ਭੀੜ ਵਾਲੀਆਂ ਥਾਵਾਂ ਤੇ ਬਸਾਂ ਵਾਸਤੇ ਵਿਸ਼ੇਸ਼ ਲਾਂਘੇ ਬਣਾਏ ਜਾਂਦੇ ਨੇ ! ਉਨ੍ਹਾਂ ਰਾਹੀਂ ਭੀੜ ਤੇ ਜਾਮ ਵਾਲੀਆਂ ਥਾਵਾਂ ਤੋਂ ਬਸਾਂ ਬਿਨਾ ਰੋਕ ਟੋਕ ਲੰਘ ਜਾਂਦੀਆਂ ਹਨ !

**ਔਰਤ ਸੂਤਰਧਾਰ:** ਮੈਟਰੋ ਦੇ ਮੁਕਾਬਲੇ ਇਹ ਕਿੰਨਾ ਕੁ ਹੈ ਸਸਤਾ ?

**ਮਰਦ ਸੂਤਰਧਾਰ:** ਦਸ ਗੁਣਾ ਸਸਤਾ ! ਪਰ ਦਿੱਲੀ ਮੁੰਬਈ ਵਿੱਚ ਬੀਆਰ ਟੀ ਦੀ ਬਜਾਏ ਮੈਟਰੋ ਨੂੰ ਦਿੱਤੀ ਜਾ ਰਹੀ ਹੈ ਤਰਜੀਹ !

**ਔਰਤ ਸੂਤਰਧਾਰ:** ਨਾਲੇ ਇਨ੍ਹਾਂ ਸਸਤੇ ਤੇ ਪਰਿਆਵਰਣ ਮਿੱਤਰ ਵਿਕਲਪਾਂ ਰਾਹੀਂ ਅਸੀਂ ਸ੍ਰੋਤਾਂ ਦੀ ਤੇ ਪਰਿਆਵਰਣ ਦੀ ਰਾਖੀ ਵੀ ਕਰ ਸਕਦੇ ਹਾਂ !

**ਮਰਦ ਸੂਤਰਧਾਰ:** ਟਰੈਫਿਕ ਜਾਮ ਦੇ ਨਾਲ ਹੀ ਇੱਕ ਹੋਰ ਹੈ ਸਮੱਸਿਆ ਇਨ੍ਹਾਂ ਮਹਾਂਨਗਰਾਂ ਦੀ ! ਉਹ ਹੈ ਢੇਰਾਂ ਦੇ ਢੇਰ ਰੋਜ ਨਿੱਕਲਦੇ ਕੂੜੇ ਦੀ !

**ਔਰਤ ਸੂਤਰਧਾਰ:** ਹਾਂ ਪਿਛੇ ਜਿਹੇ ਖਬਰ ਆਈ ਸੀ ਕਿ ਦਿੱਲੀ ਦਾ ਕੂੜਾ ਜੋ ਨੇੜੇ ਦੇ ਪਿੰਡਾਂ ਦੀ ਜ਼ਮੀਨ ਤੇ ਸੁਟਿਆ ਜਾ ਰਿਹਾ ਹੈ ਉਸ ਕੂੜੇ ਦੇ ਬਣੇ ਪਹਾੜ ਵਿੱਚ ਅੱਗ ਵੀ ਲੱਗ ਗਈ ਸੀ !

**ਮਰਦ ਸੂਤਰਧਾਰ:** ਹਾਂ ਪ੍ਰਭਾਣੀ ! ਉਸ ਵੇਲੇ ਤਾਂ ਜੀ ਟੀ ਰੋਡ ਦੇ ਦੁਆਲੇ ਵੀ ਹੋ ਗਿਆ ਸੀ ਧੂੰਆਂ !

**ਔਰਤ ਸੂਤਰਧਾਰ:** ਦਰ ਅਸਲ ਕੂੜੇ ਦੇ ਨਿਪਟੋ ਦਾ ਪਰਿਆਵਰਣੀ ਮਿੱਤਰ ਤਰੀਕਾਂ ਤਾਂ ਅਜੇ ਅਪਣਾਇਆ ਹੀ ਬਹੁਤ ਘੱਟ ਜਾ ਰਿਹਾ ਹੈ !

**ਮਰਦ ਸੂਤਰਧਾਰ:** ਹਾਂ ! ਇਸੇ ਕਰਕੇ ਤਾਂ ਗ੍ਰੇਟ ਪੈਸਿਫਿਕ ਗਾਰਬੇਜ ਪੈਚ ਬਣਿਆ ਪਿਆ ਹੈ ਪ੍ਰਸ਼ਾਂਤ ਮਹਾਂਸਾਗਰ ਵਿੱਚ ਵੀ ! ਇਸ ਦੀ ਤਾਂ ਲੰਬੀ ਹੈ ਤੰਦ ਤਾਣੀ ! ਅੱਗੇ ਚਲਦੀ ਹੈ ਕਹਾਣੀ ! ਇਸ ਨੇ ਤਾਂ ਨਾਸ ਮਾਰ ਦਿੱਤਾ ਉਥੋਂ ਦੇ ਸਮੁੰਦਰ ਦੇ ਪ੍ਰਸਿਥਿਤਿਕ ਤੰਤਰ ਦਾ ਹੀ !

**ਔਰਤ ਸੂਤਰਧਾਰ:** ਆਹੋ ਜੀ ! ਮਹਾਂਨਗਰਾਂ ਦੇ ਕੂੜੇ ਦੇ ਡੰਪ ਨੇ ਸਮੁੰਦਰ ਜਾਂ ਲਾਗਲੇ ਪਿੰਡ ਤੇ ਬਸਤੀਆਂ !

**ਮਰਦ ਸੂਤਰਧਾਰ:** ਹਾਂ ! ਹੋ ਜਾਂਦਾ ਹੈ ਜਵਿਣ ਦੁਭਰ ਉਨ੍ਹਾਂ ਥਾਵਾਂ ਦੇ ਬਾਸਿੰਦਿਆਂ ਦਾ !

**ਔਰਤ ਸੂਤਰਧਾਰ:** ਹੁਣ ਤਾਂ ਲੋਕ ਇਸ ਵਿਰੁੱਧ ਜਥੇਬੰਦ ਹੋ ਕੇ ਸਮੂਹਿਕ ਆਵਾਜ ਵੀ ਬੁਲੰਦ ਰਹੇ ਨੇ ਕਰ !

**ਮਰਦ ਸੂਤਰਧਾਰ:** ਹਾਂ ! ਕਰ ਰਹੇ ਨੇ ! ਪਰ ਕੂੜੇ ਦੇ ਇਹ ਢੇਰ ਤਾਂ ਵੱਧਦੇ ਹੀ ਜਾ ਰਹੇ ਨੇ ! ਇੱਕ ਨਹੀਂ ਤਾਂ ਦੂਜੀ ਜਗ੍ਹਾ ਲੈਂਦੇ ਨੇ ਚੁਣ ਇਹ ਸਥਾਨਕ ਪ੍ਰਸ਼ਾਸ਼ਨ ਵਾਲੇ !

**ਔਰਤ ਸੂਤਰਧਾਰ:** ਜਦ ਸਾਡੇ ਸਭਿਆਚਾਰ ਹੀ 'ਵਰਤੋ ਤੇ ਸੁਟੋ' ਬਣਾ ਦਿੱਤਾ ਤਾਂ ਕੂੜਾ ਤਾਂ ਜਿਆਦਾ ਪੈਦਾ ਹੋਣਾ ਹੀ ਹੋਇਆ ! ਪਲਾਸਟਿਕ, ਪੈਕਿੰਗ ਵਾਲੇ ਬੱਬੇ, ਸਮਜੀਆਂ ਫਲਾਂ ਆਦਿ ਦੇ ਰਹਿੰਦ ਖੂੰਹਦ ਆਦਿ !

**ਮਰਦ ਸੂਤਰਧਾਰ:** ਦਰਅਸਲ ਇਸਦੇ ਹੱਲ ਵੱਲ ਵਧਣ ਵਾਸਤੇ ਜਰੂਰੀ ਹੈ ਕਿ ਇੱਕ ਤਾਂ ਕੂੜੇ ਦਾ ਪੈਦਾ ਹੋਣਾ ਘਟਾਇਆ ਜਾਵੇ ! ਸਾਨੂੰ ਘੱਟ ਵਰਤੋ, ਮੁੜ ਵਰਤੋ ਤੇ ਪੁਨਰ ਚਕਰੀਕਰਨ ਕਰਕੇ ਵਰਤੋ ਸਭਿਆਚਾਰ ਵੱਲ ਵੱਧਣਾ ਪਵੇਗਾ !

**ਔਰਤ ਸੂਤਰਧਾਰ:** ਹਾਂ ! ਇਹ ਤਾਂ ਠੀਕ ਹੈ ਇਸ ਨਾਲ ਸ੍ਰੋਤਾਂ ਦੀ ਵੀ ਬੱਚਤ ਹੋਵੇਗੀ ! ਪਰ ਮੈਨੂੰ ਲਗਦਾ ਹੈ ਕਿ ਆਹ ਪੈਪਸੀ ਵਰਗੀਆਂ ਠੰਢੇ ਪੇਅ ਵਾਲੀਆਂ ਕੰਪਨੀਆਂ ਤੇ ਬੋਤਲ ਬੰਦ ਪਾਣੀ ਵਾਲੀਆਂ ਕੰਪਨੀਆਂ ਨੂੰ ਵਾਸਤੇ ਕਾਨੂੰਨ ਬਣੇ ਕਿ ਉਹ ਆਪਣਿਆਂ ਬੋਤਲਾਂ ਦਾ ਕਚਰਾ ਖੁਦ ਇਕੱਠਾ ਕਰਨ ਦਾ ਪ੍ਰਬੰਧ ਕਰਨ ! ਨਹੀਂ ਤਾਂ ਸਥਾਨਕ ਪ੍ਰਸ਼ਾਸ਼ਨ ਨੂੰ ਪ੍ਰਤੀ ਨਗ ਖਰਚਾ ਦੇਣ !

**ਮਰਦ ਸੂਤਰਧਾਰ:**ਹਾਂ ! ਇਸਦੇ ਨਾਲ ਹੀ ਜੈਵਿਕ ਵਿਘਟਨ ਹੋਣ ਵਾਲੇ ਤੇ ਸੁੱਕੇ ਕੂੜੇ ਨੂੰ ਵੱਖ -ਵੱਖ ਇਕੱਤਰ ਕਰਨਾ ਵੀ ਇੱਕ ਕਦਮ ਹੋ ਸਕਦਾ ਹੈ !

**ਔਰਤ ਸੂਤਰਧਾਰ:** ਹਾਂ ਜੀ! ਹੋ ਤਾਂ ਸਕਦਾ ਹੈ ਪਰ ਲੱਗਦਾ ਨਹੀਂ ਇਸਦਾ ਸਫਲ ਹੋਣਾ ਐਨਾ ਸੌਖਾ ਹੋਵੇ ! ਤੁਹਾਨੂੰ ਪਤਾ ਹੀ ਹੈ ਕਿ ਆਹ ਚੰਡੀਗੜ੍ਹ ਵਿੱਚ ਮਿਉਂਸਪਲ ਕਾਰਪੋਰੇਸ਼ਨ ਨੇ ਹਰੀਆਂ ਨੀਲੀਆਂ ਨਿੱਕੀਆਂ ਨਿਕੀਆਂ ਬਾਲਟੀਆਂ ਜਿਹੀਆਂ ਵੰਡੀਆਂ ਸਨ , ਪਰ ਸਾਲ ਭਰ ਹੋ ਗਿਆ ਅਜੇ ਤਾਂ ਵੱਖ ਕਰਨ ਦਾ ਕੰਮ ਸੁਰੂ ਨਹੀਂ ਹੋਇਆ !

**ਮਰਦ ਸੂਤਰਧਾਰ:** ਆਹੋ ! ਇਹ ਬਾਲਟੀਆਂ ਜਿਹੀਆਂ ਦਾ ਤਾਂ ਪਲਾਸਟਿਕ ਵੀ ਐਸਾ ਵੈਸਾ ਹੀ ਸੀ ਇਹ ਸਨ ਵੀ ਬਿਨਾ ਢੱਕਨ ਦੇ ! ਭਿਣਕਦੀਆਂ ਰਹਿਣ ਮੱਖੀਆਂ !

**ਔਰਤ ਸੂਤਰਧਾਰ:** ਇਕੱਤਰ ਕੀਤੇ ਕੂੜੇ ਦੇ ਪਰਿਆਵਰਣੀ ਮਿੱਤਰ ਨਿਪਟਾਰੇ ਦੀ ਵਿਵਸਥਾ ਕਰਨੀ ਤਾਂ ਫਿਰ ਵੀ ਜਰੂਰੀ ਹੈ ! ਕੂੜੇ ਦੇ ਪਹਾੜ ਤਾਂ ਅਜੇ ਵੀ ਖਤਰਾ ਹੀ ਹਨ !

**ਮਰਦ ਸੂਤਰਧਾਰ:** ਜੈਵਿਕ ਵਿਘਟਨ ਵਾਲੇ ਕੂੜੇ ਤੋਂ ਖਾਦ ਬਣਾਉਣੀ ਬਣਾਉਣੀ ਤੇ ਬਾਕੀ ਸੁੱਕੇ ਕੂੜੇ ਦੀ ਛਾਟੀ ਕਰਕੇ ਪੁਨਰ ਚਕਰੀਕਰਨ ਵਿੱਚ ਭੇਜ ਕੇ ਰਹਿੰਦ ਖੂੰਹਦ ਘਟਾਉਣਾ ਇੱਕ ਹੱਲ ਹੈ !

**ਔਰਤ ਸੂਤਰਧਾਰ:** ਹਾਂ ਜੀ ! ਇਸ ਠੋਸ ਰਹਿੰਦ ਖੁਹੰਦ ਦੇ ਨਿਪਟਾਰੇ ਵਾਸਤੇ ਪਰਿਆਵਰਣ ਸਰੱਖਿਆ ਏਜੈਂਸੀ ( ਈ ਪੀ ਏ ) ਦੇ ਸੁਝਾਅ ਅਨੁਸਾਰ ਲੀਚੇਟ ਪ੍ਰਣਾਲੀ ਦੀ ਵਰਤੋਂ ਕਰਨੀ ਬਣਦੀ ਹੈ !

**ਮਰਦ ਸੂਤਰਧਾਰ:** ਲੀਚੇਟ ਉਹ ਤਰਲ ਹੈ ਜੋ ਬਾਰਸ਼ ਵੇਲੇ ਕੂੜੇ ਦੇ ਕੁਦਰਤੀ ਵਿਘਟਨ ਵਿੱਚ ਬਣਦਾ ਹੈ , ਇਸ ਨੂੰ ਇਕੱਤਰ ਕਰਕੇ ਬਾਕੀ ਕੂੜੇ ਦਾ ਵਿਘਟਨ ਕਰਨ ਵਾਸਤੇ ਵਰਤਿਆ ਜਾ ਸਕਦਾ ਹੈ ।

**ਔਰਤ ਸੂਤਰਧਾਰ:** ਪਰ ਸਾਡੇ ਤਾਂ ਜਲੰਧਰ ਵਿੱਚ ਵਰਿਆਣਾ ਕੂੜਾ ਸਥਾਨ ਤੇ ਇਹ ਲੀਚੇਟ ਵਗ ਵਗ ਕੇ ਲੋਕਾਂ ਦਾ ਜੀਣਾ ਦੁੱਭਰ ਕਰ ਰਿਹਾ ਹੈ !

**ਮਰਦ ਸੂਤਰਧਾਰ:** ਲੀਚੇਟ ਦੀ ਵਰਤੋਂ ਤਾਂ ਨਹੀਂ ਕਰਦੇ ਜਲੰਧਰ ਨਿਗਮ ਵਾਲੇ ਪਰ ਹੁਣ ਉਹਨਾਂ ਨੇ ਸੁੱਕੇ ਕੂੜੇ ਦੇ ਨਿਪਟਾਰੇ ਵਾਸਤੇ ਉਸ ਤੋਂ ਈਧਣ ਬਣਾਉਣ ਦੀ ਵਿਉਂਤ ਬਣਾਈ ਹੈ ਤੇ ਬਾਕੀ ਨੂੰ ਹੁਸ਼ਿਆਰਪੁਰ ਵਿਖੇ ਪਿਲਾਂਵਾਲੇ ਵਿੱਚ ਦੱਬਣ ਦੀ !

**ਔਰਤ ਸੂਤਰਧਾਰ:** ਵਿਘਟਨ ਦੌਰਾਨ ਪੈਦਾ ਹੁੰਦੀ ਮੀਥੇਨ ਗੈਸ ਤੋਂ ਬਿਜਲੀ ਬਣਾਈ ਜਾ ਸਕਦੀ ਹੈ ! ਕੈਲੀਫੋਰਨੀਆ ਵਿਚ ਯੋਲੋ ਸ਼ਹਿਰ ਦੇ ਕੂੜਾ ਸਥਾਨ ਤੋਂ ਪ੍ਰਤੀ ਦਿਨ ਪੈਦਾ ਹੁੰਦੀ 14 ਲੱਖ ਘਣ ਫੁੱਟ ਮਿਥੇਨ ਗੈਸ ਦੀ ਵਰਤੋਂ ਬਿਜਲੀ ਪੈਦਾ ਕਰਨ ਵਿਚ ਕੀਤੀ ਜਾਂਦੀ ਹੈ।

**ਮਰਦ ਸੂਤਰਧਾਰ:** ਕੂੜੇ ਦੇ ਨਿਪਟਾਰੇ ਦਾ ਇੱਕ ਹੋਰ ਤਰੀਕਾ ਹੈ ਕੂੜਾ ਸ਼ਥਾਨ ਖਣਨ ਯਾਣੀ ਕਿ ਕੂੜੇ ਵਿੱਚੋਂ ਐਲਮਿਉਨੀਅਮ , ਲੋਹਾ , ਲਕੜ , ਪਲਾਸਟਕ ਤੇ ਕੱਚ ਆਦਿ ਨੂੰ ਵੱਖ ਕਰਨਾ , ਜਿਨ੍ਹਾਂ ਦੀ ਪੁਨਰ ਚਕਰੀਕਰਨ ਵਾਸਤੇ ਵਰਤੋਂ ਕੀਤੀ ਜਾ ਸਕਦੀ ਹੈ !

**ਔਰਤ ਸੂਤਰਧਾਰ:** ਪੰਜਾਬ ਵਿੱਚ 16,70,123 ਮੀਟਰਿਕ ਟਨ ਕੂੜਾ ਪੈਦਾ ਹੁੰਦਾ ਹੈ ਜਿਸ ਵਿੱਚੋਂ ਲੁਧਿਆਣਾ ਵਿੱਚ 4,47,131 ਮੀ.ਟ., ਅੰਮ੍ਰਿਤਸਰ ਵਿੱਚ 2,44,550 ਤੇ ਜਲੰਧਰ ਵਿਖੇ 2,12,800 ਮੀ.ਟ. ਕੂੜਾ ਪੈਦਾ ਹੁੰਦਾ ਹੈ ।

**ਮਰਦ ਸੂਤਰਧਾਰ:** ਪੰਜਾਬ ਵਿੱਚ ਖਤਰਨਾਕ ਕੂੜੇ ਦਾ ਨਿਪਟਾਰਾ ਤਾਂ ਹੋ ਰਿਹਾ ਹੈ ਪਰ ਸੁੱਕੇ ਕੂੜੇ ਵਿੱਚੋਂ ਕੇਵਲ 1861.5 ਮੀਟਰਿਕ ਟਨ ਦਾ ਹੀ ਨਿਪਟਾਰਾ ਹੁੰਦਾ ਹੈ । ਇਹ ਕੰਮ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਅਧੀਨ ਹੈ !

**ਔਰਤ ਸੂਤਰਧਾਰ:** ਪ੍ਰਭਾ ! ਵੈਸੇ ਸਾਰੇ ਹੀ ਹਰਿਤ ਭਵਨਾਂ ਵਿੱਚ ਕੂੜੇ ਦੇ ਨਿਪਟਾਰੇ ਦਾ ਵਾਤਾਵਰਨੀ ਅਨੁਕੂਲ ਯੋਗ ਪ੍ਰਬੰਧ ਜਰੂਰੀ ਹੈ ! ਪਰ ਇਹ ਕਾਰਜ ਸ਼ਹਿਰਾਂ ਵਿੱਚ ਤਾਂ ਹਰੇਕ ਸਰਕਾਰੀ ਤੇ ਜਨਤਕ ਇਮਾਰਤ ਜੋ ਪਹਿਲਾਂ ਵੀ ਬਣੀ ਹੋਵੇ ਵਾਸਤੇ ਲਾਜਮੀ ਕਰ ਦੇਣਾ ਚਾਹੀਦਾ ਹੈ !

**ਮਰਦ ਸੂਤਰਧਾਰ:** ਹਾਂ ! ਕਰ ਦੇਣਾ ਚਾਹੀਦਾ ਹੈ ! ਕਾਨੂੰਨ ਕਈ ਵਾਰ ਉਨ੍ਹਾਂ ਵੱਲੋਂ ਵੀ ਤੋੜ ਦਿੱਤਾ ਜਾਂਦਾ ਹੈ ਜਿਹੜੇ ਰਾਖੇ ਹੁੰਦੇ ਨੇ ਉਸੇ ਕਾਨੂੰਨ ਦੇ , ਪਰ ਜਨਤਕ ਜਾਗਰੂਕਤਾ ਵੱਡੀ ਭੁਮਿਕਾ ਨਿਭਾ ਸਕਦੀ ਹੈ ਅਜਿਹੇ ਕਾਨੂੰਨਾਂ ਨੂੰ ਪ੍ਰਭਾਵ ਸ਼ਾਲੀ ਬਣਾਉਣ ਦੇ ਲਈ !

**ਔਰਤ ਸੂਤਰਧਾਰ:** ਹਾਂ ! ਇਹ ਤਾਂ ਠੀਕ ਹੈ ! ਹੁਣ ਆਫਤ ਪ੍ਰਭਾਵਤ ਖੇਤਰਾਂ ਵਿੱਚ ਭਾਵੇਂ ਆਫਤ ਰੋਧਕ ਭਵਨ ਉਸਾਰੀ ਜਰੂਰੀ ਹੈ ਪਰ ਅਜੇ ਵੀ ਕਈ ਬਹੁ ਮੰਜਲੀਆਂ ਇਮਾਰਤਾਂ ਚੰਡੀਗੜ੍ਹ ਵਰਗੇ ਸ਼ਹਿਰਾਂ ਦੇ ਦੁਆਲੇ ਵੀ ਇਨ੍ਹਾਂ ਮਾਪ ਦੰਡਾਂ ਤੇ ਖਰੀਆਂ ਨਹੀਂ ਉਤਰਦੀਆਂ ।

**ਮਰਦ ਸੂਤਰਧਾਰ:** ਹਰਿਤ ਭਵਨ ਸਮੱਗਰੀ ਵੀ ਤਾਂ ਹੁਣ ਕਾਫੀ ਸਾਰੀ ਬਣ ਰਹੀ ਹੈ ਸੀਮੈਂਟ ਤੇ ਇਟਾਂ ਦੇ ਰੂਪ ਵਿੱਚ ਤਾਂ ਜੋ ਪਰਿਆਵਰਣੀ ਅਨੁਕੂਲ ਭਵਨਾਂ ਦੀ ਹੋ ਸਕੇ ਉਸਾਰੀ !

**ਔਰਤ ਸੂਤਰਧਾਰ:** ਆਹੋ ਕਹਿੰਦੇ ਨੇ ਇਸੇ ਸਮੱਗਰੀ ਦੇ ਬਣੇ ਹੋਣਗੇ ਭਵਿਖੀ ਭਵਨ !

**ਮਰਦ ਸੂਤਰਧਾਰ:** ਪਰ ਅੱਜਕੱਲ੍ਹ ਆ ਰਹੀਆਂ ਆਫਤਾਂ ਦੇ ਮੱਦੇ ਨਜ਼ਰ ਹੁਣ ਸਾਡੇ ਲਈ ਜਰੂਰੀ ਹੈ ਕਿ ਆਪਤ ਦੀ ਸੰਬਾਵਨਾ ਵਾਲੇ ਇਲਾਕਿਆਂ ਵਿੱਚ ਭਵਨ ਉਸਾਰੀ ਆਫਤ ਰੋਧਕ ਹੋਵੇ !

**ਔਰਤ ਸੂਤਰਧਾਰ:** ਹਾਂ ! ਕਹਿੰਦੇ ਨੇ ਕਿ ਲਚਕਦਾਰ ਭਵਨ ਹੀ ਬਚਾ ਸਕਦੇ ਨੇ ਜਾਨ ਮਾਲ ਦੀ ਹਾਨੀ ਤੋਂ ਆਪਤਾਂ ਦੇ ਆਉਣ ਤੇ !

**ਮਰਦ ਸੂਤਰਧਾਰ:** ਇਨ੍ਹਾਂ ਭਵਨਾਂ ਵਿੱਚ ਆਮ ਭਵਨਾਂ ਦੇ ਮੁਕਾਬਲੇ ਆਸੇ ਪਾਸੇ ਦੇ ਡੋਲਨ ਯਾਣੀ ਝੁਲਣ ਨੂੰ ਸਹਿਣ ਦੀ ਹੁੰਦੀ ਹੈ ਸਮਰੱਥਾ !

**ਔਰਤ ਸੂਤਰਧਾਰ:** ਹਾਂ ਜੀ ! ਅਜਿਹੇ ਭਵਨਾਂ ਨੂੰ ਕਈ ਵਾਰ ਵਿਸ਼ੇਸ਼ ਚੌਖਟੇ ਵਿੱਚ ਬਣਾਇਆ ਜਾਂਦਾ ਹੈ !

**ਮਰਦ ਸੂਤਰਧਾਰ:** ਅਜਿਹੀ ਭਵਨ ਉਸਾਰੀ ਵਾਸਤੇ ਮੁੱਢ ਤੋਂ ਹੀ ਕਰਨੀ ਪੈਂਦੀ ਹੈ ਯੋਜਨਾਬੰਦੀ ! ਇਨ੍ਹਾ ਵਿੱਚ ਪਹਿਲੀ ਮੰਜ਼ਲ ਦੀਆਂ ਨੀਹਾਂ ਤੇ ਦੁਜੀ ਮੰਜ਼ਲ ਤੱਕ ਦੇ ਸਤੰਬਾਂ ਨੂੰ ਬਹੁਤ ਹੀ ਮਜਬੂਤ ਬਣਾਉਣਾ ਜਰੂਰੀ ਹੈ !

**ਔਰਤ ਸੂਤਰਧਾਰ:** ਸਮੁੰਦਰੀ ਤਟ ਉਪਰ ਲਹਿਰਾਂ ਜਵਾਰਭਾਟੇ ਤੇ ਤੂਫਾਨਾਂ ਦਾ ਮੁਕਬਲਾ ਕਰਨ ਵਾਸਤੇ ਭਵਨ ਨਿਰਮਾਨ ਤੱਟ ਤੋਂ ਹਟ ਕੇ ਕੀਤਾ ਜਾਣਾ ਚਾਹੀਦਾ ਹੈ !

**ਮਰਦ ਸੂਤਰਧਾਰ:** ਇਨ੍ਹਾਂ ਭਵਨਾਂ ਵਿੱਚ ਤਾਂ ਪਾਣੀ ਦੇ ਤੇਜ ਵਹਾਅ ਜਾਂ ਤੇਜ ਹਵਾਵਾਂ ਦੇ ਬਿਨਾ ਭਵਨ ਨੂੰ ਕੋਈ ਹਾਨੀ ਪਹੁੰਚਾਏ ਲੰਘਣ ਦਾ ਪ੍ਰਬੰਧ ਵੀ ਜਰੂਰੀ ਹੈ !

**ਔਰਤ ਸੂਤਰਧਾਰ:** ਹਾਂ ਇਹ ਤਾਂ ਵਿਗਿਆਨ ਦਾ ਨਿਯਮ ਹੀ ਹੈ ਕਿ ਜੇ ਕਰ ਭਵਨ ਰੋਕ ਬਣਨਗੇ ਇਸ ਹਵਾ ਜਾ ਪਾਣੀ ਦੇ ਵਹਾਅ ਵਿੱਚ ਤਾਂ ਇਨ੍ਹਾਂ ਨੂੰ ਨੁਕਸਾਨ ਜਿਆਦਾ ਹੋਵੇਗਾ ਪਾਣੀ ਜਾ ਹਵਾ ਦੀ ਟੱਕਰ ਕਰਕੇ !

**ਮਰਦ ਸੂਤਰਧਾਰ:** ਅਸੀਂ ਵੇਖਿਆ ਹੀ ਹੈ ਕਿ ਦੋ ਦਹਾਕੇ ਪਹਿਲਾਂ ਆਏ ਹੜ੍ਹਾਂ ਦੌਰਾਨ ਹੁਸ਼ਿਆਰਪੁਰ ਜਿਲ੍ਹੇ ਹੁਣ ਦੇ ਨਵਾਂ ਸ਼ਹਿਰ ਵਿੱਚ ਕਾਠਗੜ੍ਹ ਦਾ ਪੁਲ ਅਤੇ ਹੋਰ ਪੁਲ /ਸਾਈਫਨ ਇਸੇ ਕਰਕੇ ਟੁੱਟ ਗਏ ਸਨ ਕਿ ਪਹਾੜਾਂ ਤੋਂ ਵੱਡੇ ਵੱਡੇ ਦਰਖਤਾਂ ਨੇ ਆ ਕੇ ਪੁਲਾਂ ਵਿੱਚ ਅੜ ਕੇ ਪਾਣੀ ਦਾ ਵਹਾਅ ਰੋਕ ਦਿੱਤਾ ਸੀ !

**ਔਰਤ ਸੂਤਰਧਾਰ:** ਹਾਂ ! ਉਸ ਵਕਤ ਤਾਂ ਪੁਲ ਤੇ ਸੜਕਾਂ ਟੁੱਟ ਗਈਆਂ ਸਨ ਰਸਤੇ ਬੰਦ ਹੋ ਗਏ ਸਨ , ਧੰਨ ਸੀ ਉਹ ਡਿਪਟੀ ਕਮਿਸ਼ਨਰ ਸੀ. ਰਾਊਲ ਜਿਹੜਾ ਉਸ ਹੜ੍ਹ ਦੇ ਮਾਰੇ ਇਲਾਕੇ ਵਿੱਚ ਟੁੱਟੀ ਸੜਕ ਦੇ ਕਿਨਾਰੇ ਟੈਂਟ ਵਿੱਚ ਹੀ ਬੈਠਾ ਰਿਹਾ ਜਿੰਨਾ ਚਿਰ ਰਸਤਾ ਚਾਲੂ ਨਾ ਹੋਇਆ !

**ਮਰਦ ਸੂਤਰਧਾਰ:** ਹਾਂ! ਲੋਕਾਂ ਦੇ ਦੁਖ ਨੂੰ ਆਪਣਾ ਦੁੱਖ ਸਮਝਣ ਵਾਲੇ ਅਧਿਕਾਰੀਆਂ ਦੀ ਇਹੀ ਤਾਂ ਪਹਿਚਾਣ ਹੈ !

**ਔਰਤ ਸੂਤਰਧਾਰ:** ਏਸ਼ੀਆ ਦੇ ਤਾਂ 80% ਸ਼ਹਿਰ ਹੜ੍ਹਾਂ ਦੀ ਮਾਰ ਹੇਠ ਹਨ ! ਓਹ ਹੁਣੇ ਹੀ 22 ਨਵੰਬਰ 2017 ਨੂੰ ਦੇਹਰਾਦੂਨ ਵਿੱਚ ਦੋ ਰੋਜਾ ਰਾਸਟਰੀ ਕਾਰਜਸ਼ਾਲਾ ਹੋਈ ਹੈ ਆਫਤ ਰੋਧਕ ਭਵਨ ਉਸਾਰੀ 'ਤੇ ਹੀ !

**ਮਰਦ ਸੂਤਰਧਾਰ:** ਹਾਂ ! ਜੀ ਹੁਣ 2016 ਤੋਂ ਤਾਂ ਨੀਤੀਗਤ ਫੈਸਲਾ ਹੀ ਹੋ ਗਿਆ ਹੈ ਕਿ ਹਰਿਤ ਤੇ ਆਫਤ ਰੋਧਕ ਭਵਨ ਉਸਾਰੀ ਹੀ ਕੀਤੀ ਜਾਵੇ !

**ਔਰਤ ਸੂਤਰਧਾਰ:** ਹੁਣ ਤਾਂ ਰਾਸਟਰੀ ਤੇ ਅੰਤਰ ਰਾਸਟਰੀ ਪੱਧਰ ਤੇ ਆਫਤਾਂ ਦੌਰਾਨ ਖਰਾਬਾ ਘਟਾਉਣ ਵਾਸਤੇ ਅਗਾਊਂ ਚੇਤਾਵਨੀ ਪ੍ਰਣਾਲੀਆਂ ਵੀ ਵਿਕਸਤ ਕੀਤੀਆਂ ਗਈਆਂ ਨੇ !

**ਮਰਦ ਸੂਤਰਧਾਰ:** ਦਰਅਸਲ ਸੰਸਾਰ ਮੌਸਮ ਵਿਗਿਆਨ ਸੰਸਥਾ (ਵਰਲਡ ਮੈਟਰੋਲੋਜੀਕਲ ਆਰਗੇਨਾਈਜ਼ੇਸ਼ਨ) ਨਿਯਮਤ ਤੌਰ 'ਤੇ ਹੋਰ ਸੰਸਥਾਵਾਂ ਜਿਵੇਂ ਆਫਤਾਂ ਘਟਾਉਣ ਵਾਸਤੇ ਅੰਤਰ-ਰਾਸਟਰੀ ਪੈਂਤੜੇਬਾਜੀ ( **ਇੰਟਰਨੈਸ਼ਨਲ ਸਟਰੈਟੇਜੀ ਫਾਰ ਡਿਜ਼ਾਸਟਰ ਰਿਡਕਸ਼ਨ**) ਦੇ ਨਾਲ ਆਫਤਾਂ ਘਟਾਉਣ ਵਾਸਤੇ ਤੇ ਇਨ੍ਹਾਂ ਤੋਂ ਬਚਾਓ ਵਾਸਤੇ ਲਗਾਤਾਰ ਸਹਿਯੋਗ ਕਰਦਾ ਹੈ।

**ਔਰਤ ਸੂਤਰਧਾਰ:** ਸਾਰੇ ਰਾਸ਼ਟਰਾਂ ਦੀਆਂ ਨੈਸ਼ਨਲ ਮੈਟਰੋਲੋਜੀਕਲ ਐਂਡ ਹਾਈਡ੍ਰਾਲੋਜੀਕਲ ਸਰਵਿਸਿਜ਼ ਦੇ ਰਾਹੀਂ ਆਫ਼ਤ ਦੇ ਮਾੜੇ ਪ੍ਰਭਾਵ ਨੂੰ ਘਟਾਉਣ ਵਾਸਤੇ ਦਿਸ਼ਾ ਨਿਰਦੇਸ਼ ਤਿਆਰ ਕਰਨ ਵਾਸਤੇ ਵੀ ਇਹ ਸੰਗਠਨ ਸਹਿਯੋਗ ਦਿੰਦਾ ਹੈ !

**ਮਰਦ ਸੂਤਰਧਾਰ:** ਸਾਲ 2005 ਵਿਚ ਆਫਤਾਂ ਘਟਾਉਣ ਵਾਸਤੇ ਹਿਓਗੋ (ਜਪਾਨ) ਸੰਸਾਰ ਸੰਮੇਲਨ ('ਦ ਵਰਲਡ ਕਾਨਫਰੰਸ ਆਨ ਡਿਜਾਸਟਰ ਰਿਡਅਕਸ਼ਨ') ਵਿਚ ਆਫਤਾਂ ਦੀ ਪਛਾਣ, ਮੁਲਾਂਕਨ, ਖ਼ਤਰਿਆਂ 'ਤੇ ਨਿਯੰਤਰਣ ਅਤੇ ਅਗਾਊਂ ਚੇਤਾਵਨੀ ਨਾਲ ਜੁੜੇ ਪਹਿਲੂਆਂ 'ਤੇ ਖੁਲ੍ਹ ਕੇ ਵਿਚਾਰ ਵਟਾਂਦਰਾ ਹੋਇਆ ਸੀ !

**ਔਰਤ ਸੂਤਰਧਾਰ:** ਸਾਲ 2004 ਵਿੱਚ ਜਦ ਸੁਨਾਮੀ ਆਈ ਤਾਂ ਸਾਡੇ ਕੋਲ ਹਿੰਦ ਮਹਾਂਸਾਗਰ ਵਿਚ ਅਜਿਹੀ ਕੋਈ ਚੇਤਾਵਨੀ ਪ੍ਰਣਾਲੀ ਨਹੀਂ ਸੀ ਜਿਸ ਕਰਕੇ 2,20,000 ਲੋਕ ਮੌਤ ਨੇ ਨਿਗਲ ਲਏ !

**ਮਰਦ ਸੂਤਰਧਾਰ:** ਹੁਣ ਸਾਡੇ ਕੋਲ ਅੰਤਰਰਾਸ਼ਟਰੀ ਪੱਧਰ ਤੇ ਜੁੜੀ ਇਕ ਪੂਰਨ ਵਿਕਸਿਤ ਸੁਨਾਮੀ ਚੇਤਾਵਨੀ ਪ੍ਰਣਾਲੀ ਹੈ ਜੋ ਕਿ 28 ਦੇਸਾਂ ਵਾਸਤੇ ਸਹਾਈ ਹੁੰਦੀ ਹੈ ! ਸੰਨ 2013 ਦੇ ਉਡੀਸਾ ਦੇ ਫੈਲਿਨ ਚੱਕਰਵਾਤ ਵਿਚ ਅਸੀਂ ਪੂਰਵ ਚੇਤਾਵਨੀ ਪ੍ਰਣਾਲੀ ਦੀ ਵਰਤੋਂ ਨਾਲ ਵੱਡੇ ਪੈਮਾਨੇ 'ਤੇ ਲੋਕਾਂ ਨੂੰ ਬਚਾਉਣ ਵਿਚ ਸਫ਼ਲ ਰਹੇ।

**ਔਰਤ ਸੂਤਰਧਾਰ:** ਆਹੋ ਜੀ ! ਬੱਸ ਲੋੜ ਹੈ ਕਿ ਚੇਤਾਵਨੀਆਂ ਸਮੇ ਸਿਰ , ਸਟੀਕ , ਸਪਸ਼ਟ ਤੇ ਵਿਗਿਆਨਕ ਰੂਪ ਵਿੱਚ , ਲੋਕਾਂ ਦੀ ਭਾਸ਼ਾ ਵਿੱਚ ਚੇਤਾਵਨੀ ਦੇ ਕੇ ਖਤਰੇ ਦੇ ਮੁਕਾਬਲੇ ਵਾਸਤੇ ਤਿਆਰ ਕਤਿਾ ਜਾਵੇ ਤੇ ਬਚਾਓ ਦੇ ਤਰੀਕੇ ਤੇ ਸੁਰੱਖਿਅਤ ਸਥਾਨਾਂ ਬਾਬਤ ਪੂਰੀ ਜਾਣਕਾਰੀ ਦਿੱਤੀ ਜਾਵੇ !

**ਮਰਦ ਸੂਤਰਧਾਰ:** ਹੁਣ ਤਾਂ ਸਾਡੇ ਭੂ-ਵਿਗਿਆਨ ਮੰਤਰਾਲੇ ਕੋਲ ਵੀਸੈਟ ਅਧਾਰਿਤ ਡਿਜ਼ੀਟਲ ਭੂਚਾਲੀ ਟੈਲੀਮੀਟਰੀ **'ਰਾਸ਼ਟਰੀ ਸੁਨਾਮੀ ਪੂਰਵ ਸੂਚਨਾ'** ਪ੍ਰਣਾਲੀ ਦੇ 17 ਸਟੇਸ਼ਨ ਹਨ ! ਇਹ ਭਾਰਤੀ ਰਾਸ਼ਟਰੀ ਮਹਾਂਸਾਗਰ ਸੂਚਨਾ ਸੇਵਾ ਕੇਂਦਰ, ਹੈਦਰਾਬਾਦ ਨਾਲ ਜੁੜੀ ਹੋਈ ਹੈ। ਐਸ.ਐਮ.ਐਸ. ਅਤੇ ਈਮੇਲ ਰਾਹੀਂ ਭੂਚਾਲ-ਚੇਤਾਵਨੀ ਦੇਣ ਵਾਲੇ ਦੋ ਕੇਂਦਰ ਵੀ ਹਨ ! ਇਸ ਕੋਲ 25 ਭੂਚਾਲ-ਸੂਚਕ ਯੰਤਰ ਸਟੇਸ਼ਨ, 26 ਰਾਸ਼ਟਰੀ ਸੁਨਾਮੀ ਸੂਚਨਾ ਕੇਂਦਰ ਅਤੇ ਸਾਗਰ ਦੀ ਡੂੰਘਾਈ ਵਿਚ ਹੋਣ ਵਾਲੀ ਹਲਚਲ ਦੇ ਮਾਪ ਤੇ ਸੁਨਾਮੀ ਲਹਿਰਾਂ ਦੀ ਸੂਚਨਾ ਦੇਣ ਵਾਲੇ 6 ਕੇਂਦਰ ਹਨ

**ਔਰਤ ਸੂਤਰਧਾਰ:** ਭਾਰਤੀ ਮੌਸਮ ਵਿਗਿਆਨ ਵਿਭਾਗ ਦੇਸ਼ ਦੇ ਡੇਢ ਲੱਖ ਪਿੰਡਾਂ ਵਿਚ ਚੱਕਰਵਾਤ ਦਾ ਸੰਭਾਵਿਤ ਖਤਰਾ ਝੱਲਣ ਵਾਲੇ ਕਰੀਬ 30 ਕਰੋੜ ਲੋਕਾਂ ਨੂੰ ਅਗਾਉਂ ਚੇਤਾਵਨੀ ਦੇਣ ਵਿਚ ਸਮਰਥ ਹੈ। ਇਹ ਹਿਮਾਲਿਆਈ ਖੇਤਰਾਂ ਅਤੇ ਖਾਸ ਤੌਰ 'ਤੇ ਜੰਮੂ ਅਤੇ ਕਸ਼ਮੀਰ ਵਿੱਚ ਅਤਿ-ਵਰਖਾ ਦੀ ਪੂਰਵ ਚੇਤਾਵਨੀ ਦੇਣ ਵਿਚ ਵੀ ਯੋਗਦਾਨ ਦਿੰਦਾ ਹੈ।

**ਮਰਦ ਸੂਤਰਧਾਰ:** ਇਸ ਕਾਰਨ ਅਸੀਂ 2013 ਦੇ ਫੈਲਿਨ ਚੱਕਰਵਾਤ ਤੇ 2014 ਦੇ ਹੁਦਹੁਦ ਉਸ਼ਣਕਟੀਬੰਧੀ ਚੱਕਰਵਾਤ ਦੇ ਆਉਣ ਤੋਂ ਪਹਿਲਾਂ ਲੋਕਾਂ ਨੂੰ ਉਥੋਂ ਹਟਾ ਕੇ ਉਨ੍ਹਾਂ ਦੀ ਜਾਨ ਬਚਾਉਣ ਵਿਚ ਸਫ਼ਲ ਰਹੇ।ਪੂਰਵ ਚੇਤਾਵਨੀ ਦੇ ਕਾਰਨ ਇਨ੍ਹਾਂ ਚੱਕਰਵਾਤਾਂ ਦੌਰਾਨ ਮੌਤਾਂ ਦੀ ਸੰਖਿਆ ਕ੍ਰਮਵਾਰ 21 ਅਤੇ 46 ਦੇ ਨੇੜੇ-ਤੇੜੇ ਹੀ ਰਹਿ ਗਈ !

**ਪ੍ਰਸ਼ਨ ਜਿਨ੍ਹਾਂ ਦੇ ਉਤਰ ਦੇਣ ਲਈ ਮਾਹਰਾਂ ਦੀ ਚਰਚਾ ਕਰਵਾਈ ਜਾ ਸਕਦੀ ਹੈ :-**

1. ਸ਼ਹਿਰ ਜਾਣ ਦੀ ਦੌੜ ਕਿਉਂ ਵੱਧ ਰਹੀ ਹੈ ?
2. ਸ਼ਹਿਰੀਕਰਨ ਕਿਸ ਹੱਦ ਤੱਕ ਵਧ ਰਿਹਾ ਹੈ ?
3. ਵਧਦੇ ਸ਼ਹਿਰੀਕਰਨ ਕਾਰਨ ਮਹਾਂ ਨਗਰਾਂ ਵਿੱਚ ਕਿਹੜੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ ?
4. ਵੱਧਦੇ ਸ਼ਹਿਰੀਕਰਨ ਦੇ ਪਿੰਡਾਂ ਤੇ ਕੀ ਪਏ ਹਨ ਪ੍ਰਭਾਵ ?
5. ਮਹਾਂਨਗਰਾਂ ਵਿੱਚ ਕੂੜੇ ਦੇ ਨਿਪਟਾਰੇ ਦੇ ਕੀ ਹਨ ਤਰੀਕੇ ?
6. ਮਹਾਂ ਨਗਰਾਂ ਦੇ ਕੂੜੇ ਦਾ ਨਿਪਟਾਰਾ ਪਰਆਵਰਣੀ ਮਿੱਤਰ ਵਿਧੀ ਨਾਲ ਕਿਵੇਂ ਕੀਤਾ ਜਾਵੇ ?
7. ਪੰਜਾਬ ਦੇ ਜਲੰਧਰ ਤੇ ਲੁਧਿਆਣਾ ਵਿੱਚ ਕੂੜੇ ਦਾ ਨਿਪਟਾਰਾ ਕਿਵੇਂ ਕੀਤਾ ਜਾਂਦਾ ਹੈ ?
8. ਕੂੜੇ ਦੇ ਨਿਪਟਾਰੇ ਦੀ ਲੀਚੇਟ ਵਿਧੀ ਕੀ ਹੈ ?
9. ਕੂੜਾ ਖਨਣ ਕੀ ਹੈ ਕਿਉਂ ਕੀਤਾ ਜਾਂਦਾ ਹੈ ਇਹ ਖਨਣ ?
10. ਮਹਾਂ ਨਗਰਾਂ ਵਿੱਚ ਟਰੈਫਿਕ ਜਾਮ ਦੇ ਕੀ ਨੇ ਹੱਲ ! ਕੀ ਕੋਈ ਸਸਤਾ ਸੌਖਾ ਤੇ ਜਲਦੀ ਲਾਗੂ ਹੋਣ ਵਾਲਾ

ਵਿਕਲਪ ਵੀ ਹੈ ?

11. ਮੈਟਰੋ ਰੇਲ ਤੇ ਕਿੰਨਾ ਕੁ ਚਾਹੀਦਾ ਹੈ ਪੂੰਜੀ ਨਿਵੇਸ਼ ?

12. ਕੀ ਪੁਲਾਂ ਉਪਰ ਬਣਿਆਂ ਸੜਕ ਪਾਰ ਕਰਨ ਦੀਆਂ ਰਾਹਦਾਰੀਆਂ ਜਾ ਅਮਡਰ ਬਰਿਜ ਤੇ ਓਵਰ ਬਰਿਜ ਪੈਦਲ ਯਾਤਰੀਆਂ ਵਾਸਤੇ ਹਨ ਸੁਵਿਧਾ ਜਨਕ ?

13. ਕੀ ਨੇ ਪ੍ਰਬੰਧ ਮਹਾਨਗਰਾਂ ਦੀਆਂ ਸੜਕਾਂ ਨੂੰ ਪਾਰ ਕਰਨ ਦੇ ਬਜੁਰਗਾਂ ਬੱਚਿਆਂ ਤੇ ਅਪੰਗਾਂ ਵਾਸਤੇ ? ਕੀ ਇਹ ਮਨੁੱਖੀ ਅਧਿਕਾਰਾਂ ਤੇ ਸਮਾਨ ਅਧਿਕਾਰਾਂ ਦੇ ਅਨੁਕੂਲ ਹਨ ?

14. ਹਰੀਆਂ ਇਮਾਰਤਾਂ ਕੀ ਹਨ ?

15. ਭਵਨ ਨਿਰਮਾਨ ਸਮੱਗਰੀ ਵਿੱਚ ਹਰਿਤ ਸਮੱਗਰੀ ਤੋਂ ਕੀ ਹੈ ਭਾਵ ?

16. ਕੀ ਹੈ ਲੋੜ ਹਰਿਤ ਭਵਨਾਂ ਦੀ ?

17. ਕੀ ਹੁੰਦੀਆਂ ਨੇ ਖੂਬੀਆਂ ਉਰਜਾ ਕੁਸ਼ਲ ਭਵਨਾਂ ਦੀਆਂ ?

18. ਭਵਨ ਨਿਰਮਾਨ ਵਿੱਚ ਹੁੰਦੀ ਹੈ ਸ੍ਰੋਤਾਂ ਦੀ ਬਰਬਾਦੀ ਤੋਂ ਕਿਵੇਂ ਬਚਿਆ ਜਾ ਸਕਦਾ ਹੈ ?

19. ਟਿਕਾਊ ਵਿਕਾਸ ਵਾਸਤੇ ਕਿਹੋ ਜਿਹੀ ਭਵਨ ਉਸਾਰੀ ਕਲਾ ਦੀ ਲੋੜ ਹੈ ?

20. ਭਵਨ ਨਿਰਮਾਨ ਦੇ ਮਾਪ ਦੰਡਾਂ ਵਿੱਚ ਕੀ ਕੀ ਤਹਿ ਕੀਤਾ ਜਾਂਦਾ ਹੈ ?

21. ਸਾਡੇ ਦੇਸ ਵਿੱਚ ਕੌਣ ਕਰਦਾ ਹੈ ਭਵਨ ਨਿਰਮਾਨ ਦੇ ਮਾਪ ਦੰਡ ?

22. ਕਿਉਂ ਜਰੂਰੀ ਨੇ ਲਚਕਦਾਰ ਭਵਨ ?

23. ਆਫਤ ਰੋਧਕ ਭਵਨਾਂ ਤੋਂ ਕੀ ਹੈ ਭਾਵ ?

24. ਕੀ ਹੈ ਗ੍ਰੇਟ ਪੈਸੇਫਿਕ ਗਾਰਬੇਜ ਮਹਾਂਨਗਰਾਂ ਦੇ ਵਧਦੇ ਕੂੜੇ ਦੇ ਹੀ ਕਾਰਨ ਹੈ ?

25. ਕਿਵੇਂ ਘਟਾਇਆ ਜਾਵੇ ਮਹਾਂਨਗਰਾਂ ਦਾ ਵਧਦਾ ਕੂੜਾ ?

26. ਕੀ ਹੈ ਲੋੜ ਆਫਤਾਂ ਬਾਬਤ ਅਗਾਊਂ ਚੇਤਾਵਨੀਆਂ ਦੀ ?

27. ਕੀ ਹੋਏ ਨੇ ਨੁਕਸਾਨ ਇਨ੍ਹਾਂ ਪ੍ਰਣਾਲੀਆਂ ਦੀ ਅਣਹੋਂਦ ਕਰਕੇ ਸਾਡੇ ਦੇਸ਼ ਵਿੱਚ ?

28. ਸਾਡੇ ਕੋਲ ਆਪਤ ਵਾਸਤੇ ਅਗਾਊਂ ਚੇਤਾਵਣੀਆਂ ਦਾ ਕੀ ਹੈ ਵਰਤਮਾਨ ਢਾਂਚਾ ?

29. ਅਗਾਊਂ ਚੇਤਾਵਨੀ ਪ੍ਰਣਾਲੀ ਨੂੰ ਕੌਣ ਤੇ ਕਿਵੇਂ ਕਰਦਾ ਹੈ ਨਿਯੰਤਰਨ ਸਾਡੇ ਮੁਲਕ ਵਿੱਚ ?

30. ਕੀ ਹੈ ਇਨ੍ਹਾਂ ਦਾ ਅੰਤਰ ਰਾਸਟਰੀ ਪੱਧਰ ‘ਤੇ ਤਾਲ ਮੇਲ ?

31. ਕਿਹੜੇ ਨੇ ਜਰੂਰੀ ਅੰਸ ਅਗਾਊਂ ਚੇਤਾਵਨੀ ਨੂੰ ਅਸਰਦਾਰ ਬਣਾਉਣ ਦੇ ਵਾਸਤੇ?